# ਦਸਵਾਂ ਨਾਨਕ

## ਗੁਰੂ ਗੋਬਿੰਦ ਸਿੰਘ ਜੀ

ਨਵੰਬਰ ੨੦, ੨੦੨੧

ਸ੍ਰੀ ਹੇਮਕੁੰਟ ਫ਼ਾਊਂਡੇਸ਼ਨ ਦੇ

ਸ਼ਰਧਾਲੂ ਸੇਵਕਾਂ ਵਲੋਂ

## ਤਤਕਰਾ


| | | |
|---|---|---|
| | ਭੂਮਿਕਾ | ੨ |
| | ਅਨੁਵਾਦਕ ਵਲੋਂ ਧੰਨਵਾਦ | ੪ |
| ੧ | ਮੁੱਢਲਾ ਜੀਵਨ | ੬ |
| ੨ | ਗੋਬਿੰਦ ਰਾਏ, ਗੁਰੂ ਦੇ ਤੌਰ ਤੇ | ੭ |
| ੩ | ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਤਿਮ ਰੂਪ | ੮ |
| ੪ | ਰਣਜੀਤ ਨਗਾਰਾ | ੧੦ |
| ੫ | ਹੋਲਾ ਮਹੱਲਾ | ੧੧ |
| ੬ | ਮਾਤਾ ਸੁੰਦਰੀ ਜੀ (ਜੀਤੋ ਜੀ) | ੧੨ |
| ੭ | ਪਾਉਂਟਾ ਸਥਾਪਤ ਕੀਤਾ | ੧੩ |
| ੮ | ਭੰਗਾਣੀ ਦੀ ਜੰਗ | ੧੪ |
| ੯ | ਅਨੰਦਪੁਰ ਦੀ ਸਥਾਪਨਾ | ੧੫ |
| ੧੦ | ਨਾਦੌਣ ਦੀ ਜੰਗ | ੧੬ |
| ੧੧ | ਅਨੰਦਪੁਰ ਤੇ ਪਹਿਲਾ ਹਮਲਾ | ੧੭ |
| ੧੨ | ਗੁਲੇਰ ਦੀ ਜੰਗ | ੧੮ |
| ੧੩ | ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ | ੧੯ |
| ੧੪ | ਮਸੰਦ ਪਰਣਾਲੀ ਦਾ ਖਾਤਮਾ | ੨੧ |
| ੧੫ | ਪੰਜ ਪਿਆਰੇ | ੨੨ |
| ੧੬ | ਖਾਲਸਾ ਦੀ ਸਿਰਜਣਾ | ੨੪ |
| ੧੭ | ਮਾਤਾ ਸਾਹਿਬ ਕੌਰ | ੨੬ |
| ੧੮ | ਪਹਾੜੀ ਰਾਜਿਆਂ ਦੇ ਹਮਲੇ | ੨੭ |
| ੧੯ | ਸ਼ਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀ ਸ਼ਹੀਦੀ | ੩੦ |
| ੨੦ | ਉੱਚ ਦਾ ਪੀਰ | ੩੨ |
| ੨੧ | ਸ਼ਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦੀ ਸ਼ਹੀਦੀ | ੩੩ |
| ੨੨ | ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਭੇਜਣਾ | ੩੪ |
| ੨੩ | ਚਾਲੀ ਮੁਕਤੇ, ਅਮਰ ਸ਼ਹੀਦ | ੩੫ |
| ੨੪ | ਮਾਧੋ ਦਾਸ ਤੋਂ ਬੰਦਾ ਬਹਾਦਰ | ੩੭ |
| ੨੫ | ਸ਼ਬਦ ਹੀ ਸਦੀਵੀ ਗੁਰੂ ਹੈ | ੩੯ |
| ੨੬ | ਦਸਵੇਂ ਨਾਨਕ ਦੀਆਂ ਵਿਸ਼ੇਸ਼ਤਾਈਆਂ | ੪੧ |
| ੨੭ | ਸੰਸਾਰ ਦੀਆਂ ਮਹੱਤਵ-ਪੂਰਣ ਘਟਨਾਵਾਂ | ੪੨ |
| | ਹਵਾਲੇ | ੪੩ |

# ਭੂਮਿਕਾ

ਹੇਮਕੁੰਟ ਫ਼ਾਉਂਡੇਸ਼ਨ ਦੀ ਸਥਾਪਨਾ ਨਿਊ ਯਾਰਕ, ਅਮਰੀਕਾ ਵਿਚ (੧੯੮੦ ਵਿਚ) ਚਾਰ ਦਹਾਕੇ ਪਹਿਲਾਂ ਕੀਤੀ ਗਈ। ਇਸ ਫ਼ਾਉਂਡੇਸਨ ਦੇ ਪਰਮੁੱਖ ਉਦੇਸ਼ ਪੱਛਮੀ ਧਰਤੀ ਤੇ ੬-੨੫ ਸਾਲਾਂ ਦੀ ਆਯੂ ਦੇ ਬੱਚੇ ਅਤੇ ਨੌ-ਜੁਆਨਾਂ ਨੂੰ ਸਿੱਖੀ ਦੀ ਸਿਖਿਆ ਪ੍ਰਾਪਤ ਕਰਨ ਵਿਚ ਸਹਾਇਤਾ ਕਰਨਾ, ਆਮ ਲੋਕਾ ਵਿਚ ਬੋਲਣ ਦਾ ਗੁਣ ਸਿਖਾਣਾ ਅਤੇ ਸਿੱਖ ਹੋਣ ਵਜੋਂ ਗੌਰਵ ਅਨੁਭਵ ਕਰਨਾ ਹੈ।

ਇਹ ਸਭ ਕੁਝ ਅਸੀਂ ਗੁਰੂਆਂ ਦੀਆਂ ਜੀਵਨੀ-ਅਧਾਰਤ ਸਿਖਿਅਕ ਪੁਸਤਕਾ ਰਾਹੀਂ, ਸਿੱਖ ਇਤਿਹਾਸ ਰਾਹੀਂ ਅਤੇ ਸਿੱਖ ਫ਼ਿਲਾਸਫ਼ੀ ਰਾਹੀਂ ਕਰਦੇ ਹਾਂ। ਨੌ-ਜੁਆਨਾਂ ਨੂੰ ਸਿੱਖੀ ਬਾਰੇ ਜਾਨਕਾਰੀ ਨੂੰ ਦੂਸਰਿਆਂ ਵਿੱਚ ਪ੍ਰਗਟਾਵਾ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇਕ ਦੂਜੇ ਨਾਲ ਗੱਲ ਬਾਤ ਕਰਦਿਆਂ ਸਿੱਖੀ ਬਾਰੇ ਸੁਚੱਜੇ ਤਰੀਕੇ ਨਾਲ ਦਸ ਸਕਨ।

ਫ਼ਾਉਂਡੇਸ਼ਨ ਵਲੋਂ ਪ੍ਰਯੋਜਿਤ ਕੀਤੇ ਇਸ ਸਬੰਧ ਵਿਚ ਪ੍ਰਮੁੱਖ ਅਦਾਇਗੀ ਲਈ ਇਕ ਸਾਲਾਨਾ ਗੋਸ਼ਟੀ-ਸੰਮੇਲਨ ਹੁੰਦਾ ਹੈ। ੬-੮ ਸਾਲ, ੯-੧੧ ਸਾਲ, ੧੨- ੧੪ ਸਾਲ, ੧੫-੧੭ ਸਾਲ ਅਤੇ ੧੮-੨੫ ਸਾਲਾਂ ਦੇ ਪ੍ਰਤੀਯੋਗੀ ਇਸ ਪ੍ਰਤੀਯੋਗਤਾ ਵਿਚ ਹਿੱਸਾ ਲੈਂਦੇ ਹਨ। ਹਰੇਕ ਗਰੁੱਪ ਲਈ ਇਕ ਆਯੂ-ਉਚਿੱਤ ਪੁਸਤਕ ਨਿਰਧਾਰਤ ਕੀਤੀ ਜਾਂਦੀ ਹੈ। ਇਹ ਗੋਸ਼ਟੀ-ਸੰਮੇਲਨ ਪ੍ਰਤੀਯੋਗੀਆ ਨੂੰ ਵੱਖ ਵੱਖ ਵਿਸ਼ਿਆਂ ਦੇ ਅਲੋਚਨਾਤਮਿਕ ਨਿਰੀਖਣ ਕਰਨ ਲਈ ਉਤਸ਼ਾਹਤ ਕਰਦਾ ਹੈ ਅਤੇ ਮੰਚ ਤੋਂ ਨਿਸ਼ਚਿਤ ਸਮੇਂ ਵਿਚ ਕੁਝ ਸਵਾਲਾਂ ਦੇ ਜੁਆਬ ਦੇਣੇ ਹੁੰਦੇ ਹਨ। ਭਾਸ਼ਨ-ਕਲਾ ਅਤੇ ਵਿਸ਼ਾ-ਵਸਤੂ ਅਨੁਸਾਰ ਪ੍ਰਤੀਯੋਗੀਆ ਦਾ ਵਰਗੀਕਰਣ ਕੀਤਾ ਜਾਂਦਾ ਹੈ।

ਹਰ ਸਾਲ, ਇਕ ਤਿੰਨ-ਪੱਧਰੀ ਮੁਕਾਬਲਾ ਕਰਵਾਇਆ ਜਾਂਦਾ ਹੈ। ਪਹਿਲੇ ਪੱਧਰ ਤੇ, ਅਮਰੀਕਾ ਇੰਗਲੈਂਡ ਅਤੇ ਕੀਨੀਆ ਤੋਂ ਕੋਈ ੨੫੦੦ ਬੱਚੇ ਅਤੇ ਨੌ-ਜੁਆਨ ਸਥਾਨਕ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਦੂਜੇ ਪੱਧਰ ਤੇ ਲਗ ਬਗ ੪੦੦ ਪ੍ਰਤੀਯੋਗੀ ਮੁਕਾਬਲੇ ਵਿਚ ਹਿੱਸਾ ਲੈਂਦੇ ਹਨ। ਸਥਾਨਕ ਮੁਕਾਬਲੇ ਵਿਚ ਇਹਨਾ ਵਿਚੋਂ ਪਹਿਲਾ ਅਤੇ ਦੂਜਾ ਪੱਧਰ ਦੇ ਸਥਿਤੀ-ਧਾਰਕ ਬਣਦੇ ਹਨ। ਤੀਜੇ ਪੱਧਰ ਤੇ, ਲਗ ਭਗ ੧੨੫ ਪ੍ਰਤੀਯੋਗੀ ਮੁਕਾਬਲਾ ਕਰਦੇ ਹਨ। ਇਹਨਾ ਵਿਚੋਂ ਦੂਜੇ ਦਰਜੇ ਦੇ ਪਹਿਲੇ ਸਥਿਤੀ-ਧਾਰਕ ਬਣਦੇ ਹਨ। ਇਹੀ ਅੰਤਮ ਅਤੇ ਅੰਤਰ-ਰਾਸ਼ਟਰੀ ਪੱਧਰ ਹੈ।

ਬੀਤੇ ਸਾਲਾਂ ਵਿਚ, ਫ਼ਾਉਂਡੇਸ਼ਨ ਨੇ ਭਾਰਤ ਅਤੇ ਯੂਕੇ ਆਦਿਕ ਵਿਚ ਛਪੀਆਂ ਪੁਸਤਕਾ ਦੀ ਵਰਤੋਂ ਕੀਤੀ। ਫ਼ਾਉਂਡੇਸ਼ਨ ਨੇ ਹਰ ਸਾਲ ਹੀ ਮਾਪਿਆਂ, ਪ੍ਰਤੀਯੋਗੀਆ ਅਤੇ ਜੱਜਾਂ ਨੇ ਉਚਿੱਤ ਆਲੋਚਨਾ ਕੀਤੀ ਕਿ ਮੁਕਾਬਲੇ ਲਈ ਨਿਰਧਾਰਤ ਕੀਤੀਆਂ ਕੁਝ ਪੁਸਤਕਾਂ ਤਸੱਲੀ-ਬਖ਼ਸ਼ ਨਹੀਂ ਹਨ। ਅੰਗ੍ਰੇਜ਼ੀ ਦੀ ਸ਼ਬਦਾਵਲੀ, ਵਾਕ-ਬਣਤਰ ਅਤੇ ਪਰਸੰਗ ਕੁਝ ਪੱਛਮੀ ਸਰੋਤਿਆਂ ਲਈ ਢੁਕਵੇਂ ਨਹੀਂ ਹਨ। ਬਹੁਤੀਆਂ ਗਾਥਾ ਅਤੇ ਸਾਖੀਆਂ ਕਿਸੇ ਦਲੀਲ ਜਾਂ ਸਧਾਰਨ ਧਾਰਣਾ ਨੂੰ ਵਿਸ਼ੇਸ਼ਤਾ ਦੇਣ ਦੇ ਬਦਲੇ ਅਣ-ਉਚਿਤ "ਚਮਤਕਾਰੀ"ਰੂਪ ਵਿਚ ਦਸੀਆਂ ਗਈਆਂ ਹਨ।

ਇਸ ਸਥਿਤੀ ਨੂੰ ਸੁਧਾਰਨ ਲਈ, ਫ਼ਾਉਂਡੇਸ਼ਨ ਨੇ ਕੁਝ ਸਾਲ ਪਹਿਲਾਂ ਫ਼ੈਸਲਾ ਕੀਤਾ ਕਿ ਕਿਤਾਬਾਂ ਦੇ ਲਿਖਣ ਲਈ ਖੁਦ ਉਪਰਾਲਾ ਕੀਤਾ ਜਾਵੇ ਤਾਕਿ ਗੋਸ਼ਟੀ ਸੰਮੇਲਨ ਅਤੇ ਸਾਲਾਨਾ ਮੁਕਾਬਲਿਆਂ ਲਈ ਉਚਿਤ ਕਿਤਾਬਾਂ ਦੀ ਉਪਲੱਬਦੀ ਅਤੇ ਵਰਤੋਂ ਕੀਤੀ ਜਾ ਸਕੇ। ਫ਼ਾਉਂਡੇਸ਼ਨ ਦੇ ਸ਼ਰਧਾਵਾਨ ਸੇਵਾਦਾਰਾਂ ਨੇ ਇਸ ਸੇਵਾ ਦੀ ਜਿਮੇਵਾਰੀ ਲਈ।

ਹਥਲੀ ਪੁਸਤਕ ੯-੧੧ ਸਾਲਾ ਦੇ ਗਰੁੱਪ ਲਈ ਬਣਾਈ ਗਈ ਹੈ। ਕੋਸ਼ਸ਼ ਕੀਤੀ ਗਈ ਹੈ ਕਿ ਗੁਰੂ ਜੀ ਦੀਆਂ ਸਿਖਿਆਵਾਂ ਨੂੰ ਦਲੀਲ ਪੂਰਵਕ ਢੰਗ ਨਾਲ ਪੇਸ ਕੀਤਾ ਜਾਏ। ਇਸ ਪੁਸਤਕ ਵਿਚ ਸਧਾਰਨ ਅਤੇ ਆਸਾਨ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਤਾਂਕਿ ਗਲ ਆਸਾਨੀ ਨਾਲ ਸਮਝ ਆ ਸਕੇ। ਉਹਨਾਂ ਘਟਨਾਵਾਂ ਅਤੇ ਸਥਾਨਾ ਦੇ ਹਵਾਲਿਆਂ ਦੀ ਵਰਤੋਂ ਤੋਂ ਪਰਹੇਜ਼ ਕੀਤਾ ਗਿਆ ਹੈ ਜਿਹਨਾਂ ਤੋਂ ਪੱਛਮੀ ਦੇਸ਼ਾਂ ਦੇ ਸਕੂਲ ਜਾਂਦੇ ਬੱਚੇ ਸਧਾਰਨ ਤੌਰ ਤੇ ਜਾਣੂ ਨ ਹੋਣ। ਅਧਿਆਪਕ ਅਤੇ ਮਾਪਿਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਵਿਦਿਆਰਥੀਆਂ ਨੂੰ ਸਾਰੀ ਸਮੱਗਰੀ ਸਮਝਣ ਵਿਚ ਪੂਰੀ ਤਰ੍ਹਾਂ ਸਹਾਇਕ ਬਣਨ ਤਾਕਿ ਵਿਦਿਆਰਥੀ ਕਿਸੇ ਵੀ ਭਾਵਨਾਵਾਂ ਅਤੇ ਸੰਦੇਸ਼ਾਂ ਨੂੰ ਯਕੀਨਨ ਸਮਝਣ, ਨਾਕਿ ਸਿਰਫ਼ ਇਤਿਹਾਸਕ ਤੱਤਾਂ ਨੂੰ ਹੀ ਯਾਦ ਰਖਣ। 'ਫ਼ਾਉਂਡੇਸ਼ਨ' ਇਸ ਪੁਸਤਕ ਦੀ ਵਰਤੋਂ ਸਾਲਾਨਾ ਗੋਸ਼ਟੀਆਂ (ਬੋਲ ਚਾਲ ਦੇ ਮੁਕਾਬਲਿਆਂ) ਲਈ ਕਰਦੀ ਹੈ। ਅੰਤਰ-ਰਾਸ਼ਟਰੀ ਸਾਲਾਨਾ ਗੋਸ਼ਟੀਆਂ ਲਈ ਸਬੰਧਤ ਜਾਣਕਾਰੀ ਲਈ ਦੇਖੋ: website www.hemkunt2.org.

ਇਸ ਪੁਸਤਕ ਦੀਆ ਅੰਗ੍ਰੇਜ਼ੀ ਅਤੇ ਪੰਜਾਬੀ ਦੇ ਦੋਨੋ ਰੁਪਾਂਤਰ ਸਾਡੀ ਵੈੱਬਸਾਈਟ ਤੇ ਹਨ। ਗੁਰਦੁਆਰਿਆਂ ਰਾਹੀਂ ਚਲਾਏ ਜਾ ਰਹੇ 'ਸੰਡੇ ਸਕੂਲ' ਵੀ ਇਸ ਪੁਸਤਕ ਨੂੰ ਮੁਫ਼ਤ ਵਰਤ ਸਕਦੇ ਹਨ। ਇਹਨਾ ਪੁਸਤਕਾਂ ਦੇ ਵਰਤਣ ਲਈ 'ਫ਼ਾਉਂਡੇਸ਼ਨ' ਪਾਸੋਂ ਕੋਈ ਆਗਿਆ ਲੈਣ ਦੀ ਜ਼ਰੂਰਤ ਨਹੀਂ।

ਪੁਸਤਕ ਦੀ ਬੇਹਤਰੀ ਲਈ ਕਿਸੇਤਰ੍ਹਾਂ ਦੇ ਵੀ ਸਲਾਹ-ਮਸ਼ਵਰਾ ਅਤੇ ਟਿਪਣੀਆਂ ਨੂੰ ਸਦਾ ਹੀ 'ਜੀ ਆਇਆਂ'' ਕਹਿੰਦੇ ਹਾਂ।

*ਕਰਮਜੀਤ ਸਿੰਘ*
*ਬੋਰਡ ਮੈਂਬਰ*
*੫੧੬-੭੮੨-੩੨੫੭*
*hemkunt@hemkunt2.org*
ਨਿਊ ਯਾਰਕ, ਯੂ. ਐੱਸ. ਏ.

# ਅਨੁਵਾਦਕ ਵਲੋਂ ਧੰਨਵਾਦ

ਮੈਂ ਭਾਰਤ ਦੇ ਸ਼ਹਿਰ ਅਮ੍ਰਿਤਸਰ ਦਾ ਵਾਸੀ ਹਾਂ। ਕੋਈ ਵੀਹ ਵਰ੍ਹੇ ਪਹਿਲਾਂ ਸੇਵਾ ਮੁਕਤ ਹੋਣ ਤੇ ਮੈਂ ਅੰਗ੍ਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗ੍ਰੇਜ਼ੀ ਵਿਚ ਅਨੁਵਾਦ ਕਰਨ ਵਿਚ ਰੁਚਿਤ ਹੋ ਗਿਆ। ਕੰਮ ਲਗਾਤਾਰ ਚਲਦਾ ਰਿਹਾ ਅਤੇ ਆਮਦਨੀ ਦਾ ਹੋਰ ਕੋਈ ਜ਼ਰੀਹਾ ਨਾ ਹੋਣ ਕਰਕੇ ਇਸੇ ਕੰਮ ਵਿਚ ਮੇਰੀ ਦਿਲਚਸਪੀ ਵਧਦੀ ਗਈ। ਚੰਗਾ ਵੀ ਲਗਿਆ ਕਿ ਮੈਨੂੰ ਕਈ ਪੋਥੀਆਂ ਅਤੇ ਗ੍ਰੰਥ ਪੜ੍ਹਨ ਲਈ ਮਿਲਦੇ ਰਹੇ ਅਤੇ ਅਨੁਵਾਦ ਕਰਦਿਆਂ ਮੈਂ ਲਿਖਤਾਂ ਦਾ ਆਨੰਦ ਮਾਣਦਾ ਰਿਹਾ, ਅਤੇ ਮੇਰੀ ਕਮਾਈ ਦਾ ਸਾਧਨ ਵੀ ਬਣਿਆ ਰਿਹਾ।

ਅਮਰੀਕਾ ਦੇ ਸ਼ੁਭ-ਚਿੰਤਕਾਂ ਦਾ ਮੈਂ ਬਹੁਤ ਸ਼ੁਕਰ-ਗੁਜ਼ਾਰ ਹਾਂ ਜੋ ਹਰ ਵੇਲੇ ਮੇਰਾ ਖਿਆਲ ਰਖਦੇ ਹਨ ਅਤੇ ਮੈਂ ਕਦੇ ਵੀ ਵੇਹਲਾ ਨਹੀਂ ਬੈਠਦਾ। ਇਸ ਪੁਸਤਕ ਤੋਂ ਪਹਿਲਾ ਮੈਂ ਦੂਜੇ ਤੋਂ ਚੌਥੇ ਨਾਨਕ ਤੱਕ ਦੀ ਵਾਰਤਾ ਦਾ ਅਨੁਵਾਦ ਕਰ ਚੁੱਕਾ ਹਾਂ। ਇਸ ਵਾਰਤਾ ਦਾ ਅਨੁਵਾਦ ਕਰਦਿਆਂ ਕੁਝ ਵਿਸ਼ੇਸ਼ ਹੀ ਖਿਚ ਬਣੀ ਕਿ ਮੈਂ ਇਸ ਪੁਸਤਕ ਬਾਰੇ ਕੁਝ ਲਿਖ ਸਕਾਂ। ਮੈਂ ਸ. ਕਰਮਜੀਤ ਸਿੰਘ ਜੀ ਪਾਸੋਂ ਆਗਿਆ ਮੰਗੀ ਅਤੇ ਉਹਨਾਂ ਤੁਰੰਤ ਹੀ ਮੇਰਾ ਆਖਾ ਮੰਨ ਲਿਆ। ਉਹ ਸਾਰੇ ਹੀ ਸ੍ਰੀ ਹੇਮ ਕੁੰਟ ਫ਼ਾਉਂਡੇਸ਼ਨ ਦੇ ਸ਼ਰਧਾਵਾਨ ਸੇਵਕ ਹਨ ਅਤੇ ਸਿੱਖ ਗੁਰੂਆਂ ਪ੍ਰਤੀ ਅਤੇ ਸਿੱਖ ਕੌਮ ਪ੍ਰਤੀ ਸ਼ਲਾਘਾਯੋਗ ਸੇਵਾ ਨਿਭਾ ਰਹੇ ਹਨ।

ਇਹਨਾਂ ਪੁਸਤਕਾਂ ਬਾਰੇ ਕੰਮ ਕਰਦਿਆਂ ਮੈਂ ਦੇਖਿਆ ਹੈ ਕਿ ਇਹਨਾਂ ਵਿਚ ਕੁਝ ਵੱਖਰਾ ਹੀ ਅੰਦਾਜ਼ੇ-ਬਿਆਂ ਹੈ। ਅੱਜ ਦੇ ਨੌ-ਜੁਆਨ ਇੰਜ ਹੀ ਕਿਸੇ ਤੱਥ ਨੂੰ ਨਹੀਂ ਮੰਨ ਜਾਂਦੇ। ਬੜੇ ਤਰਕ ਅਤੇ ਦਲੀਲ ਨਾਲ ਗੱਲ ਕਰਨੀ ਪੈਂਦੀ ਹੈ। ਗੁਰੂਆਂ ਦੇ ਜੀਵਨ ਨੂੰ ਪੇਸ਼ ਕਰਨਾ ਬੜੀ ਮੇਹਨਤ ਦੇ ਨਾਲ ਵਾਕਿਆਤਾਂ ਦੀ ਸਹੀ ਤਸਵੀਰ ਦਾ ਪੇਸ਼ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ। ਗੁਰੂ ਜੀ ਕਿਹੜੇ ਹਾਲਾਤਾਂ ਵਿਚ ਰਹੇ; ਉਹ ਕਿਵੇਂ ਆਪਣੀ ਧੁਨ ਜਾਂ ਅਕੀਦੇ ਪ੍ਰਤੀ ਦ੍ਰਿੜ ਵਿਸ਼ਵਾਸ ਦੇ ਧਾਰਣੀ ਬਣੇ ਰਹੇ – ਇਹ ਸਭ ਕੁਝ ਤਰਕ ਸਹਿਤ ਬਿਆਨ ਕਰਨਾ ਤਰਕਸ਼ੀਲ ਸੂਝ ਬੂਝ ਮੰਗਦਾ ਹੈ।

ਦਸਵੇਂ ਨਾਨਕ ਦੀ ਗੱਲ ਕਰਦਿਆ ਸਭ ਕੁਝ ਹੀ ਅਜੀਬ ਲਗਦਾ ਹੈ। ਗੁਰੂ ਜੀ ਦੇ ਨੋਵੇਂ ਸਾਲ ਵਿਚ ਪਿਤਾ ਦਾ ਸਾਇਆ ਸਿਰ ਤੋਂ ਉਠ ਗਿਆ। ਅਦੁੱਤੀ ਸਵੈ-ਚੇਤਨਤਾ ਦਾ ਸਦਕਾ ਉਹ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣੇ। ਕਿੰਨੀਆਂ ਜੰਗਾਂ ਕੀਤੀਆਂ। ਸ਼ਾਰੇ ਪਰਵਾਰ ਨੂੰ ਕੁਰਬਾਨੀ ਦੇ ਘਾਟ ਤੇ ਅਰਪਨ ਹੋਣ ਲਈ ਤਿਆਰ ਬਣਾਇਆ। ਅਦੁੱਤੀ ਮਿਸਾਲ ਦੇ ਵਿਵਹਾਰਕ ਰੂਪ ਵਿਚ ਅਮਲੀ ਜੀਵਨ ਜੀਵਿਆ। ਕਿਤਨਾ ਸਾਹਿਤ ਪੜ੍ਹਿਆ ਅਤੇ ਲਿਖਿਆ। 'ਜ਼ਫ਼ਰਨਾਮਾ' ਵਰਗਾ ਪੱਤਰ ਲਿਖ ਕੇ ਔਰੰਗਜ਼ੇਬ ਨੂੰ ਜੀਵਨ ਦੀ ਹਕੀਕਤ ਜਾਨਣ ਲਈ ਮਜਬੂਰ ਕੀਤਾ। ਵੈਰ ਵਿਰੋਧ ਨੂੰ ਨੇੜੇ ਨਾ ਫਟਕਣ ਦਿਤਾ। ਆਨੰਦਪੁਰ ਛੱਡ ਦਿਤਾ ਅਤੇ ਪਿਛੇ ਭੌਂ ਕੇ ਨਾ ਦੇਖਿਆ। ਪਰਵਾਰਕ ਜ਼ਿੰਮੇਦਾਰੀਆ ਨੂੰ ਨਿਭਾਇਆ, ਪਰ ਕਿਧਰੇ ਵੀ ਹਉਮੈ ਜਾਂ ਅਹੰਮ ਦਾ ਪ੍ਰਗਟਾਵਾ ਨਹੀਂ ਕੀਤਾ।

ਗੁਰੂ ਗੋਬਿੰਦ ਸਿੰਘ ਕੈਸਾ ਪੈਗੰਬਰ ਨੇਤਾ ਸੀ? ਇਸ ਤੱਥ ਨੂੰ ਜਾਣ ਸਕਣਾ ਮੁਸ਼ਕਲ ਹੀ ਨਹੀਂ, ਅਸੰਭਵ ਵੀ ਹੈ। ਗੁਰੂ ਗੋਬਿੰਦ ਸਿੰਘ ਨੇ ਜਿਤਨਾ ਪੜ੍ਹਿਆ ਅਤੇ ਫਿਰ ਅਨੇਕ ਜ਼ਬਾਨਾਂ ਵਿਚ ਲਿਖਿਆ, ਇਕ ਆਮ ਮਨੁੱਖੀ ਸਮਝ ਤੋਂ ਬਹੁਤ ਪਰੇ ਹੈ। ਉਸ ਬਹੁ-ਪਰਤੀ ਇਨਸਾਨ ਨੇ ਇਕ ਨਵਾਂ ਪਰ ਨਰੋਆ ਧਰਮ ਸਾਜਿਆ। ਘੱਟ ਗਿਣਤੀ ਵਾਲੇ ਇਸ ਧਰਮ ਦੇ ਪੈਰੋਕਾਰਾਂ ਦੀ ਸਾਰੇ ਸੰਸਾਰ ਵਿਚ ਧਾਂਕ ਹੈ। ਗੁਰੂ ਨਾਨਕ ਨੇ ਨਵਾਂ ਪੰਥ ਚਲਾਇਆ ਜਿਸਨੂੰ ਗੁਰੂ ਗੋਬਿੰਦ ਸਿੰਘ ਤੱਕ ਸਾਰੇ ਗੁਰੂਆਂ ਨੇ ਸੁਹਿਰਦਤਾ ਨਾਲ ਸੰਵਾਰਿਆ ਅਤੇ ਸਦਾਕਾਲ ਜੀਵਤ ਰਹਿਣਯੋਗ ਬਣਾਇਆ।

ਸ੍ਰੀ ਹੇਮ ਕੁੰਟ ਫ਼ਾਉਂਡੇਸ਼ਨ ਵਲੋਂ ਕੀਤਾ ਇਹ ਉਦਮ ਸ਼ਲਾਘਾ ਯੋਗ ਹੈ। ਉਹਨਾਂ ਦੀਆਂ ਲਿਖਤਾਂ ਦਾ ਸਦਕਾ ਨੌਂ-ਜੁਆਨਾਂ ਵਿਚ ਸਿੱਖੀ ਸਿਦਕ ਭਰੋਸਾ ਅਤੇ ਸਦਾਕਾਲ ਚੜ੍ਹਦੀ ਕਲਾ ਬਣਾਏ ਰਖਣ ਦਾ ਸੁਚੱਜਾ ਅਤੇ ਸਾਕਾਰ ਉਪਰਾਲਾ ਹੈ। ਉਹਨਾਂ ਦੀ ਸੇਵਾ ਵਿਚ ਮੇਰਾ ਨਿਗੂਣਾ ਜਿਹਾ ਹਿੱਸਾ ਭਰਪੂਰ ਮਾਣ ਦਾ ਆਨੰਦ ਮਾਣਦਾ ਹੈ।

ਬਹੁਤ ਧੰਨਵਾਦ ਸਹਿਤ,

ਜੋਗਿੰਦਰ ਸਿੰਘ ਜੋਗੀ, ਭ-੧੨੦੧, ਨੀਊ ਅੰਮ੍ਰਿਤਸਰ, ਪੰਜਾਬ (ਭਾਰਤ)

***********************

# ੧. ਮੁੱਢਲਾ ਜੀਵਨ

**੧੬੬੬** *(ਜਨਮ):* ਗੋਬਿੰਦ ਰਾਏ, ਬਾਅਦ ਵਿਚ ਸਿੱਖਾਂ ਦੇ ਦਸਵੇਂ ਅਤੇ ਆਖਰੀ ਮਾਨਵ-ਗੁਰੂ, ਦਾ ਜਨਮ ੨੨ ਦਸੰਬਰ ੧੬੬੬ ਨੂੰ ਭਾਰਤ ਦੇ ਬਿਹਾਰ ਦੇ ਸ਼ਹਿਰ ਪਟਨਾ ਵਿਚ ਹੋਇਆ। ਗੁਰੂ ਤੇਗ਼ ਬਹਾਦਰ ਜੀ ਆਪ ਜੀ ਦੇ ਪਿਤਾ ਅਤੇ ਮਾਤਾ ਗੁਜਰੀ ਜੀ ਆਪ ਜੀ ਦੇ ਮਾਤਾ ਸਨ।

ਗੁਰੂ ਤੇਗ਼ ਬਹਾਦਰ ਜੀ ੧੬੬੪ ਵਿਚ ਨੌਵੇਂ ਨਾਨਕ ਬਣੇ ਸਨ। ੧੬੬੫ ਵਿਚ, ਆਪ ਜੀ ਨੇ ਪੰਜਾਬ ਵਿਚ ਸ਼ਿਵਾਲਕ ਪਹਾੜੀਆ ਦੇ ਨੇੜੇ 'ਚੱਕ ਨਾਨਕੀ' ਨਗਰ ਦੀ ਸਥਾਪਨਾ ਕੀਤੀ ਜੋ ਅੱਜ ਕਲ੍ਹ ਵਿਸ਼ਾਲ ਅਨੰਦਪੁਰ ਦਾ ਹਿੱਸਾ ਹੈ। ੧੬੬੬ ਦੇ ਜਨਵਰੀ ਵਿਚ ਆਪ ਜੀ ਨੇ ਆਪਣੀਆਂ ਮਿਸਨਰੀ ਯਾਤਰਾਵਾਂ ਮੁੜ ਸ਼ੁਰੂ ਕੀਤੀਆਂ ਸਨ ਅਤੇ ਅਗਲੇ ਸਾਢੇ ਚਾਰ ਸਾਲ ਭਾਰਤ ਦੇ ਕੇਂਦਰੀ ਅਤੇ ਪੂਰਬੀ ਭਾਗ ਵਿਚ ਗੁਜ਼ਾਰੇ ਜੋ ਅੱਜ ਕਲ੍ਹ ਉੱਤਰ ਪਰਦੇਸ਼, ਬਿਹਾਰ, ਬੰਗਾਲ, ਆਸਾਮ ਅਤੇ ਤ੍ਰਿਪੁਰਾ ਅਤੇ ਬੰਗਲਾ ਦੇਸ਼ ਬਣਦਾ ਹੈ।

ਆਪਣੀਆਂ ਯਾਤਰਾਵਾਂ ਦੇ ਦੌਰਾਨ, ਗੁਰੂ ਤੇਗ ਬਹਾਦਰ ਜੀ ਨੇ ਆਪਣੇ ਪਰਵਾਰ ਦਾ ਪਟਨਾ ਵਿਚ ਟਿਕਾਓ ਕੀਤਾ। ਫਿਰ ਉਹਨਾਂ ਨੇ ਪੂਰਬ ਵੱਲ ਮਿਸ਼ਨਰੀ ਯਾਤਰਾ ਸ਼ੁਰੂ ਕੀਤੀ ਤਾਕਿ ਉਹ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇ ਦੱਸੇ ਸਰਵ-ਵਿਆਪਕ ਕਰਤਾ ਦੇ ਸੇਵਾ ਅਤੇ ਸ਼ਰਧਾ ਦੇ ਮਾਰਗ ਦਾ ਪਾਸਾਰ ਕਰ ਸਕਣ। ੧੬੬੬ ਵਿਚ, ਗੁਰੂ ਜੀ ਨੂੰ ਪਟਨਾ ਵਿਚ ਆਪਣੇ ਸਪੁੱਤਰ ਦੇ ਜਨਮ ਦਾ ਪਤਾ ਚਲਿਆ ਜਦ ਕਿ ਉਹ ਆਪ ਉਸ ਵੇਲੇ ਆਸਾਮ ਵਿਚ ਸਨ।

ਗੋਬਿੰਦ ਰਾਏ ਅਤੇ ਉਸਦੀ ਮਾਤਾ ਨੇ ਪਟਨਾ ਵਿਚ ਚਾਰ ਸਾਲ ਬਿਤਾਏ। ਉਹ ਘਰ ਜਿਥੇ ਗੋਬਿੰਦ ਰਾਏ ਦਾ ਜਨਮ ਹੋਇਆ ਅਤੇ ਮੁੱਢਲਾ ਬਚਪਨ ਗੁਜ਼ਾਰਿਆ, ਹੁਣ ਤਖ਼ਤ ਸ੍ਰੀ ਹਰਿਮੰਦਰ, ਪਟਨਾ ਸਾਹਿਬ ਹੈ ਜੋ ਸਿੱਖ ਧਰਮ ਦੇ ਅਤਿ-ਪਵਿੱਤਰ ਅਤੇ ਧਾਰਮਿਕ ਅਧਿਕਾਰ ਵਾਲੇ ਪੰਜ ਸਥਾਨਾਂ ਵਿਚੋਂ ਇਕ ਹੈ।

**੧੬੭੦** *(ਆਯੂ ੪ ਸਾਲ)*: ਗੁਰੂ ਤੇਗ਼ ਬਹਾਦਰ ਜੀ ਆਪਣੀ ਆਸਾਮ ਅਤੇ ਬੰਗਾਲ ਦੀ ਪੂਰਬੀ ਮਿਸ਼ਨਰੀ ਯਾਤਰਾ ਤੋਂ ਵਾਪਸ ਪਟਨਾ ਆਏ ਅਤੇ ਪੰਜਾਬ ਦਾ ਦੌਰਾ ਕੀਤਾ। ਗੋਬਿੰਦ ਰਾਏ ਨੇ ਮਾਤਾ ਗੂਜਰੀ ਜੀ ਨਾਲ ਗਰੂ ਤੇਗ਼ ਬਹਾਦਰ ਜੀ ਕੋਲ ਬਾਅਦ ਵਿਚ ਅਨੰਦਪੁਰ ਵਿਚ ਆਉਣ ਦਾ ਉਪਰਾਲਾ ਕੀਤਾ।

**੧੬੭੨** *(ਆਯੂ ੬ ਸਾਲ)*: ਗੋਬਿੰਦ ਰਾਏ ਦੇ ਬਚਪਨ ਵਿਚ ਹੀ ਉਸਦਾ ਪਰਵਾਰ 'ਚੱਕ ਨਾਨਕੀ' ਵਿਚ ਪਹੁੰਚ ਗਿਆ। ਆਪ ਜੀ ਨੇ ਮੁਨਸ਼ੀ ਸਾਹਿਬ ਚੰਦ ਅਤੇ ਗੁਰੂ ਜੀ ਦੇ ਦਰਬਾਰ ਦੇ ਗ੍ਰੰਥੀਆਂ ਪਾਸੋਂ ਪੰਜਾਬੀ ਅਤੇ ਗੁਰਮੁਖੀ ਦੀ ਸਿਖਿਆ ਪ੍ਰਾਪਤ ਕੀਤੀ। ਗੁਰਮੁਖੀ ਭਾਸਾ ਦਾ ਸਿੱਖਣਾ ਜ਼ਰੂਰੀ ਸੀ ਕਿਉਂਕਿ ਗੁਰੂਆਂ ਦੀਆਂ ਸਿਖਿਆਵਾਂ ਗੁਰਮੁਖੀ ਵਿਚ ਹੀ ਸੰਕਲਤ ਕੀਤੀਆਂ ਗਈਆਂ ਸਨ। ਕਾਜ਼ੀ ਨੂਰ ਮੁਹੰਮਦ ਨੇ ਆਪ ਜੀ ਨੂੰ ਫ਼ਾਰਸੀ ਪੜ੍ਹਾਈ ਜੋ ਕਿ ਉਸ ਵੇਲੇ ਮੁਗ਼ਲਾਂ ਦੀ ਰਾਜ ਭਾਸ਼ਾ ਸੀ। ਪੰਡਤ ਕਿਰਪਾ ਰਾਮ ਦੱਤ ਨੇ ਆਪ ਜੀ ਨੂੰ ਸੰਸਕ੍ਰਿਤ, ਹਿੰਦੀ ਅਤੇ ਬ੍ਰਿਜ ਭਾਸ਼ਾ ਦੀ ਸਿਖਿਆ ਦਿਤੀ ਜੋ ਤਿੰਨੋ ਹੀ ਇਸ ਖੇਤਰ ਵਿਚ ਆਮ ਵਰਤੀਆਂ ਜਾਣ ਵਾਲੀਆ ਭਾਸ਼ਾਵਾਂ ਸਨ।

******************

# ੨. ਗੋਬਿੰਦ ਰਾਏ, ਗੁਰੂ ਦੇ ਤੌਰ ਤੇ

**੧੬੭੫** *(ਆਯੂ ੯ ਸਾਲ)*: ਗੁਰੂ ਤੇਗ਼ ਬਹਾਦਰ ਜੀ ਨੇ ਦਿੱਲੀ ਵਿਚ ਆਪਣੀ ਸ਼ਹਾਦਤ ਦੇ ਕਾਰਜ-ਕਰਮ ਲਈ ਜਾਣ ਤੋਂ ਪਹਿਲਾਂ ਰਸਮੀ ਰੂਪ ਵਿਚ ਗੋਬਿੰਦ ਰਾਏ ਨੂੰ ੮ ਜੁਲਾਈ ੧੬੭੫ ਨੂੰ ਗੁਰੂ ਗੋਬਿੰਦ ਰਾਏ, ਦਸਵੇਂ ਨਾਨਕ ਵਜੋਂ ਨਿਯੁੱਕਤ ਕੀਤਾ। ਨੌਵੇਂ ਨਾਨਕ ਦੀ ਸ਼ਹਾਦਤ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਧੀਨ ਦਿੱਲੀ ਵਿਚ ੧੧ ਨਵੰਬਰ ੧੬੭੫ ਨੂੰ ਹੋਈ।

ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਦੀ ਖ਼ਬਰ ਸੁਣਨ ਤੇ, ਬਹੁਤ ਸਾਰੇ ਸਿੱਖ 'ਚੱਕ ਨਾਨਕੀ' ਵਿਚ ਇਕੱਠੇ ਹੋ ਗਏ ਅਤੇ ਉਹਨਾਂ ਦੇ ਪਿਤਾ ਜੀ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਗੁਰੂ ਗੋਬਿੰਦ ਰਾਏ ਜੀ ਤੋਂ ਆਗਿਆ ਮੰਗੀ। ਗੁਰੂ ਜੀ ਨੇ ਉਹਨਾਂ ਨੂੰ ਸ਼ਾਂਤ ਕੀਤਾ ਅਤੇ ਕਿਹਾ ਕਿ ਇਸਤਰ੍ਹਾਂ ਬਦਲੇ ਦੀਆਂ ਭਾਵਨਾਵਾਂ ਦਾ ਰੱਖਣਾ ਚੰਗਾ ਨਹੀਂ। ਗੁਰੂ ਗੋਬਿੰਦ ਰਾਏ ਜੀ ਨੇ ਉਹਨਾ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਨੂੰ ਅਕਾਲ ਪੁਰਖ ਦੀ ਰਜ਼ਾ ਵਜੋਂ ਮੰਨਣ ਲਈ ਕਿਹਾ।

ਉਹਨਾਂ ਨੇ ਇਹ ਵੀ ਕਿਹਾ ਕਿ ਔਰੰਗਜ਼ੇਬ ਅਤੇ ਹੋਰ ਮੁਗ਼ਲ ਆਗੂ ਲੋਕਾਂ ਉੱਪਰ ਹਰ ਤਰ੍ਹਾ ਦੇ ਘੋਰ ਅਤਿਆਚਾਰ ਢਾਹੁੰਦੇ ਰਹੇ ਹਨ ਅਤੇ ਇਸਲਾਮ ਕਬੂਲ ਕਰਨ ਜਾਂ ਫਿਰ ਮਰਨ ਲਈ ਕਹਿੰਦੇ ਸਨ। ਇਸ ਲਈ ਸਿੱਖ ਫੋਜਾਂ ਨੂੰ ਜ਼ੁਲਮੀ ਮੁਗ਼ਲ ਰਾਜਿਆਂ ਨੂੰ ਵੰਗਾਰਨਾ ਪਏਗਾ। ਗੁਰੂ ਜੀ ਉਸਤਰ੍ਹਾਂ ਹੀ ਵਿਰੋਧ ਕਰਦੇ ਸਨ_ਜਿਵੇਂ ਕਿ ਛੇਵੇਂ ਨਾਨਕ ਅਤੇ ਨੌਵੇਂ ਨਾਨਕ ਆਪਣੇ ਸਮਾਕਾਲ ਸਮੇਂ ਜ਼ੁਲਮ ਅਤੇ ਅਤਿਆਚਾਰ ਦੇ ਵਿਰੋਧ ਵਿਚ ਜੰਗਾਂ ਕਰਦੇ ਰਹੇ ਸਨ।

**********************

# ੩. ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਤਿਮ ਰੂਪ

**੧੬੭੮** *(ਆਯੂ ੧੨ ਸਾਲ)*: ਆਦਿ ਗ੍ਰੰਥ ਦੇ ਪਹਿਲੇ ਅੰਕ ਦਾ, ਜੋ ਬਾਅਦ ਵਿਚ ਸਿੱਖਾਂ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਬਣਿਆ, ਉਸਦਾ ਸੰਕਲਨ ਪੰਜਵੇਂ ਨਾਨਕ ਗੁਰੂ ਅਰਜਨ ਜੀ ਨੇ ੧੬੦੪ ਵਿਚ ਕੀਤਾ। ਇਸ ਵਿਚ ਪਹਿਲੇ ਪੰਜ ਗੁਰੂਆਂ ਦੇ ਸ਼ਬਦ (ਰਚਨਾਵਾਂ), ੧੫ ਭਗਤ ਅਤੇ ਬਹੁਤ ਸਾਰੇ ਭੱਟਾਂ ਦੀਆ ਰਚਨਾਵਾ ਸਨ। ਛੇਵੇਂ, ਸਤਵੇਂ ਅਤੇ ਅਠਵੇਂ ਨਾਨਕ ਨੇ ਕੋਈ ਰਚਨਾ ਨਹੀਂ ਕੀਤੀ। ਨੌਵੇਂ ਨਾਨਕ, ਗੁਰੂ ਤੇਗ਼ ਬਹਾਦਰ ਜੀ ਨੇ ੧੧੬ ਪਦੇ ਅਤੇ ਚਾਰ ਸਤਰਾਂ ਦੇ ਸਲੋਕਾਂ ਦੀ ਰਚਨਾ ਕੀਤੀ। ਇਹ ਇਸ ਵੇਲੇ ਉਸਦੇ ਸਪੁੱਤਰ ਦਸਵੇਂ ਨਾਨਕ ਗੁਰੂ ਗੋਬਿੰਦ ਰਾਏ ਕੋਲ ਸਨ।

ਗੁਰੂ ਅਰਜਨ ਜੀ ਦੀ ਨਿਗਰਾਨੀ ਹੇਠ ਭਾਈ ਗੁਰਦਾਸ ਦੇ ਲਿਖੇ ਆਦਿ ਗ੍ਰੰਥ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਚ ੧੬੦੪ ਨੂੰ ਕੀਤਾ ਗਿਆ ਜਿਸਦਾ ਪਾਠ ਰੋਜ਼ਾਨਾ ਹੋਇਆ ਕਰਦਾ ਸੀ। ਵਧੇਰੇ ਕਾਪੀਆਂ ਕਰਨ ਲਈ ਇਸਦੀ ਵਰਤੋਂ ਨਾ ਹੋ ਸਕੀ। ਗੁਰੂ ਅਰਜਨ ਜੀ ਦੀ ਅਗਵਾਈ ਹੇਠ, ਭਾਈ ਗੁਰਦਾਸ ਅਤੇ ਭਾਈ ਬੰਨੋ ਅਤੇ ਦਸ ਲੇਖਕਾਂ ਨੇ ਅੰਮ੍ਰਿਤਸਰ ਵਿਚ ਆਦਿ ਗ੍ਰੰਥ ਦਾ ਪ੍ਰਕਾਸ਼ ਹੋਣ ਤੋਂ ਪਹਿਲਾਂ ਇਸਦੀ ਕਾਪੀ ਤਿਆਰ ਕੀਤੀ। ਬਾਅਦ ਵਿਚ, ਗੁਰੂ ਅਰਜਨ ਜੀ ਦੀ ਅਗਵਾਈ ਹੇਠ ਕਾਪੀ ਕੀਤੀ ਗਈ ਪੋਥੀ ਨੂੰ ਭਾਈ ਬੰਨੋ ਵਾਲੀ ਭੀੜ ਕਿਹਾ ਜਾਣ ਲਗਿਆ। ਆਮ ਸੰਗਤ ਦੀ ਜਾਇਜ਼ ਲੋੜ ਨੂੰ ਪੂਰਾ ਕਰਨ ਹਿਤ, ਆਦਿ ਗ੍ਰੰਥ ਦੀਆਂ ਬਹੁਤ ਸਾਰੀਆ ਕਾਪੀਆਂ ਚਾਹੀਦੀਆਂ ਸਨ। ਭਾਈ ਬੰਨੋ ਦੀ ਬੀੜ ਤੋਂ ਕੁਝ ਕਾਪੀਆ ਕੀਤੀਆ ਗਈਆਂ, ਜਦ ਕਿ ਹੋਰ ਦੂਜੀ ਜਾਂ ਤੀਜੀ ਪੀਹੜੀ ਦੀਆਂ ਕੀਤੀਆ ਕਾਪੀਆ ਸਨ। ਕਾਪੀ ਕਰਨ ਵੇਲੇ ਅਣਗੌਲੀਆ ਮਨੁੱਖੀ ਗਲਤੀਆਂ ਹੋ ਜਾਇਆ ਕਰਦੀਆਂ ਹਨ। ਬਾਅਦ ਵਿਚ ਭਾਈ ਬੰਨੋ ਦੀ ਬੀੜ ਤੋਂ ਕਾਪੀਆਂ ਕਰਨ ਵੇਲੇ ਸ਼ਰਾਰਤੀ ਸਿੱਖ ਵਿਰੋਧੀ ਵਿਅਕਤੀ ਅਤੇ ਜੱਥੇ-ਬੰਦਿਆਂ ਨੇ ਜਾਣ ਬੁਝ ਕੇ ਵਾਧੂ ਰਚਨਾਵਾਂ ਮਿਲਾ ਦਿਤਿਆਂ।

੧੬੭੮ ਵਿਚ, ਗੁਰੂ ਜੀ ਆਨੰਦਪੁਰ ਸਾਹਿਬ ਦੇ ਗੁਰਦਵਾਰਾ ਗੁਰੂ-ਦੇ-ਮਹਲ ਦੇ ਅਦਾਰੇ ਵਿਚ ਦਮਦਮਾ ਸਾਹਿਬ ਸਨ। ਇਹ ਤਲਵੰਡੀ ਸਾਬੋ ਦਾ ਦਮਦਮਾ ਸਾਹਿਬ ਨਹੀਂ ਹੈ।ਗੁਰੂ ਜੀ ਨੇ ਭਾਈ ਮਨੀ ਰਾਮ (ਬਾਅਦ ਵਿਚ ਭਾਈ ਮਨੀ ਸਿੰਘ) ਨੂੰ ਕਿਹਾ ਕਿ ਨੌਵੇਂ ਗੁਰੂ ਜੀ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਮਿਲਾ ਕੇ ਇਸਨੂੰ ਸੰਪੂਰਨ ਕੀਤਾ ਜਾਵੇ। ਗੁਰੂ ਜੀ ਨੇ ਆਪਣੀ ਕੋਈ ਵੀ ਰਚਨਾ ਇਸ ਵਿਚ ਦਰਜ ਨਾ ਕਰਵਾਈ। ਗੁਰੂ ਜੀ ਨੇ ਭਾਈ ਮਨੀ ਰਾਮ ਨੂੰ ਕਿਹਾ ਕਿ ਨਵੇਂ ਗ੍ਰੰਥ ਨੂੰ ਪੰਜਵੇਂ ਨਾਨਕ ਦਵਾਰਾ ਤਿਆਰ ਕੀਤੇ ਮੂਲ ਆਦਿ ਗ੍ਰੰਥ ਨਾਲ ਬਰਾਬਰ ਮਿਲਾ ਕੇ ਨਵੇਂ ਗ੍ਰੰਥ ਦੀ ਸੁਧਾਈ ਕੀਤੀ ਜਾਵੇ। ਇਸ ਵੇਲੇ ਮੂਲ 'ਆਦਿ ਗ੍ਰੰਥ' ਦੀ ਅਸਲੀ ਕਾਪੀ ਧੀਰ ਮੱਲ ਦੇ ਪਰਵਾਰ ਕੋਲ ਕਰਤਾਰਪੁਰ ਵਿਚ ਸੀ। ਧੀਰ ਮੱਲ ਗੁਰੂ ਹਰਿ ਰਾਏ ਦਾ ਵੱਡਾ ਭਰਾ ਸੀ ਅਤੇ ਗੁਰੂ ਹਰਿ ਗੋਬਿੰਦ ਜੀ ਦਾ ਪੋਤਾ ਸੀ।

ਦਮਦਮਾ ਸਾਹਿਬ ਵਿਚ, ਭਾਈ ਮਨੀ ਰਾਮ ਨੇ ਗੁਰੂ ਜੀ ਦੀਆ ਹਦਾਇਤਾਂ ਨੂੰ ਮੰਨਿਆ ਅਤੇ ਜ਼ਰੂਰੀ ਸੋਧਾਂ ਕੀਤੀਆਂ। ਆਦਿ ਗ੍ਰੰਥ ਦਾ ਇਹ ਅੰਤਮ ਅਤੇ ਸੰਪੂਰਨ ਅੰਕ ਦਮਦਮੀ ਬੀੜ ਵਜੋਂ ਜਾਣਿਆ ਜਾਣ ਲਗਿਆ। ਇਸ ਬੀੜ ਨੂੰ ੧੭੦੮ ਵਿਚ ਗੁਰੂ ਗੋਬਿੰਦ ਸਿੰਘ ਜੀ ਨੇਂ ਗੁਰਗੱਦੀ ਸੌਂਪੀ ਅਤੇ ਇਹ "ਗੁਰੂ ਗ੍ਰੰਥ ਸਾਹਿਬ" ਵਜੋਂ ਜਾਣਿਆ ਜਾਣ ਲਗਿਆ। ਅੱਜ ਤੱਕ, ਸਾਰੇ ਸਿੱਖ ਇਸ ਗੁਰੂ ਗ੍ਰੰਥ ਸਾਹਿਬ ਦਾ ਆਪਣੇ ਸਦਾਕਾਲੀ ਵਜੋਂ ਸਤਿਕਾਰ ਕਰਦੇ ਹਨ। ਸੰਪੂਰਨ ਕੀਤੇ ਆਦਿ ਗ੍ਰੰਥ ਦੀ ਸੁਧਾਈ ਕਰਨ ਤੋਂ ਬਾਅਦ ਇਸਦੀਆਂ ਕਾਪੀਆਂ ਦਮਦਮਾ ਸਾਹਿਬ, ਤਲਵੰਡੀ ਸਾਬੋ ਕਰਵਾਈਆਂ ਗਈਆਂ ਜੋ ਪੰਜਵਾਂ ਤਖਤ ਹੈ।

ਸੰਪੂਰਨ ਅਤੇ ਸੁਧਾਰ ਕੀਤੇ ਆਦਿ ਗ੍ਰੰਥ ਨੂੰ ਦਮਦਮੀ ਬੀੜ ਕਿਹਾ ਜਾਣ ਲੱਗਾ ਕਿਉਂਕੀ ਇਹ ਦਮਦਮਾ ਸਾਹਿਬ ਵਿੱਚ ਤਿਆਰ ਕੀਤੀ ਗਈ ਸੀ। ੧੭੦੮ ਵਿੱਚ ਇਸ ਬੀੜ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਬਖਸ਼ੀ ਸੀ। ਅਜ ਤਕ ਇਸਨੂੰ ਅਟਲ ਗੁਰੂ ਵਜੋਂ ਸਤਿਕਾਰਦੇ ਹਨ।

**********************

# ੪. ਰਣਜੀਤ ਨਗਾਰਾ

**੧੬੮੦** *(ਆਯੂ ੧੪ ਸਾਲ)*: ੧੬੭੮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਨ ਰੂਪ ਤਿਆਰ ਕਰਵਾਉਣ ਤੋਂ ਬਾਅਦ, ਦਸਵੇਂ ਨਾਨਕ ਨੇ ਚੱਕ ਨਾਨਕੀ ਵਿਚ ਇਕ ਫੋਜ ਤਿਆਰ ਕਰਨੀ ਸ਼ੁਰੂ ਕੀਤੀ, ਜਿਸਨੂੰ ਹੁਣ ਅਨੰਦਪੁਰ ਵਜੋਂ ਜਾਣਿਆ ਜਾਦਾ ਹੈ। ਉਹ ਆਉਣ ਵਾਲੇ ਸਮੇਂ ਵਿਚ ਸਿੱਖਾਂ ਲਈ ਕੁਝ ਖਤਰੇ ਦਾ ਅੰਦਾਜ਼ਾ ਲਗਾ ਸਕਦੇ ਸਨ। ਗੁਰੂ ਨਾਨਕ ਤੋਂ ਲੈ ਕੇ ਨੌਵੇਂ ਨਾਨਕ ਤੱਕ, ਹਰ ਇਕ ਗੁਰ ਜੀੂ ਨੇ ਜੁਲਮ ਵਿਰੁੱਧ ਲੜਨ ਲਈ ਸਧਾਰਨ ਲੋਕਾਂ ਨੂੰ ਸਿਖਲਾਈ ਦਿਤੀ ਸੀ। ਉਸ ਵਿਚ ਭ੍ਰਿਸ਼ਟ ਧਾਰਮਿਕ ਆਗੂ ਵੀ ਸਨ ਜਿਵੇਂ ਕਿ ਬ੍ਰਾਜਮਣ, ਪੰਡਤ ਅਤੇ ਕਾਜ਼ੀ। ਇਹਨਾਂ ਵਿਚ ਜ਼ੁਲਮੀ ਸਿਆਸੀ ਰਾਜੇ ਵੀ ਸਨ, ਖਾਸ ਕਰਕੇ ਮੁਗ਼ਲ ਅਤੇ ਉੱਤਰੀ ਸ਼ਿਵਾਲਕ ਪਹਾੜੀਆਂ ਵਿਚ ਕੁਝ ਛੋਟੇ ਰਾਜੇ। ਉਹਨਾਂ ਨੇ ਬ੍ਰਾਹਮਣਾਂ ਪੁਜਾਰੀਆ ਅਤੇ ਮੁਗ਼ਲ ਹਾਕਮਾਂ ਦੀ ਤਰਫ਼ੋਂ ਅਕਸਰ ਕਈ ਵਾਰ ਸਿੱਖਾਂ ਨਾਲ ਜੰਗਾਂ ਕੀਤੀਆਂ ਸਨ। ਸਿੱਖ ਬਰਾਦਰੀ ਵਾਸਤੇ ਹੁਣ ਇਹ ਮੌਕਾ ਸੀ ਕਿ ਉਹ ਸਾਰੇ ਲੋਕਾਂ ਦੇ ਮਨੁੱਖੀ ਅਧਿਕਾਰ ਅਤੇ ਸਵੈ-ਅਭਿਮਾਨ ਦੀ ਰਖਿਆ ਕਰਨ ਹਿਤ ਹਥਿਆਰ ਚੁਕਣ।

ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਸਿਨੇਹੇ ਭੇਜੇ ਕਿ ਉਹ ਤਾਕਤਵਰ ਘੋੜੇ ਆਪਣੇ ਸ਼ਕਤੀਸ਼ਾਲੀ ਹਥਿਆਰ ਲੈ ਲੇ ਆਉਣ। ਸਿੱਖ ਬਹੁਤ ਵੱਡੀ ਗਿਣਤੀ ਵਿਚ ਚੱਕ ਨਾਨਕੀ ਆਏ ਅਤੇ ਸਿੱਖ ਫੋਜ ਵਿਚ ਭਰਤੀ ਹੋਏ। ਉਹਨਾਂ ਨੂੰ ਪੂਰੀ ਤਰ੍ਹਾਂ ਫੋਜੀ ਸਿਖਲਾਈ ਦਿਤੀ ਗਈ ਅਤੇ ਘੋੜਿਆਂ ਅਤੇ ਹਥਿਆਰਾਂ ਨਾਲ ਲੈਸ ਕੀਤਾ ਗਿਆ।

ਔਰੰਗਜ਼ੇਬ ਨੇ ਗੈਰ-ਮੁਸਲਮਾਨਾਂ ਨੂੰ ਘੋੜ-ਸਵਾਰੀ ਕਰਨ ਤੋਂ ਅਤੇ ਹਥਿਆਰ ਰਖਣ ਤੋਂ ਜਾਂ ਨਗਾਰਾ ਵਹਾਉਣ ਤੋਂ ਮਨ੍ਹਾ ਕਰ ਰਖਿਆ ਸੀ। ਇਹ ਅਧਿਕਾਰ ਕੇਵਲ ਮੁਗਲ ਫੋਜਾਂ ਨੂੰ ਹੀ ਸੀ ਤਾਂਕਿ ਉਹ ਜੰਗਾਂ ਦੌਰਾਨ ਜੋਸ ਅਤੇ ਬਹਾਦਰੀ ਦਾ ਵਾਧਾ ਕਰ ਸਕਨ। ਉਹ ਗੈਰ-ਮੁਸਲਮਾਨਾਂ ਨੂੰ ਘਟੀਆਂ ਦਿਖਾਉਣਾ ਚਾਹੁੰਦਾ ਸੀ ਜਿਵੇਂ ਕਿ ਉਹ ਦੂਜੇ ਨੰਬਰ ਦੇ ਸ਼ਹਿਰੀ ਹੋਣ ਅਤੇ ਇਸਲਾਮ ਧਾਰਣ ਕਰ ਲੈਣ।

ਗੁਰੂ ਜੀ ਔਰੰਗਜ਼ੇਬ ਨੂੰ ਸਪਸ਼ਟ ਸਿਨਹਾ ਦੇਣਾਂ ਚਾਹੁੰਦੇ ਸਨ ਕਿ ਹਰ ਇਕ ਮਨੁੱਖ ਨੂੰ ਪ੍ਰਮਾਤਮਾ ਨੇ ਬਰਾਬਰ ਤੌਰ ਤੇ ਸਿਰਜਿਆ ਹੈ ਅਤੇ ਉਹ ਪੂਰੇ ਸਨਮਾਨ ਸਹਿਤ ਜੀਊਣ ਲਈ ਆਜ਼ਾਦ ਹੈ। ਗੁਰੂ ਜੀ ਨੇ ਇਕ ਬਹੁਤ ਵੱਡਾ ਨਗਾਰਾ ਬਣਵਾਇਆ ਜਿਸਦਾ ਨਾਮ 'ਰਣਜੀਤ ਨਗਾਰਾ' (ਜੰਗ ਵਿਚ ਜਿੱਤ ਦਾ ਪ੍ਰਤੀਕ) ਰਖਿਆ। ਗੁਰੂ ਜੀ ਨੇ ਸਿੱਖਾਂ ਨੂੰ ਹਦਾਇਤ ਕੀਤੀ ਕਿ ਹਰ ਇਕ ਸਮਾਗਮ ਦੇ ਅੰਤ ਵਿਚ ਨਗਾਰਾ ਵਜਾਉਣ। ਇਸਤਰ੍ਹਾਂ ਕਰਨ ਦਾ ਮੰਤਵ ਸਿੱਖ ਬਰਾਦਰੀ ਦੀ ਪ੍ਰਭੂ-ਸੱਤਾ ਨੂੰ ਜ਼ਾਹਰ ਕਰਨਾ ਸੀ। ਅੱਜ ਕਲ੍ਹ ਵੀ ਇਹ ਬਹੁਤ ਗੁਰਦੁਆਰਿਆਂ ਵਿਚ ਸਵੇਰੇ ਅਤੇ ਸ਼ਾਮ ਨੂੰ ਵਜਾਇਆ ਜਾਂਦਾ ਹੈ ਤਾਕਿ ਸਿੱਖਾਂ ਨੂੰ ਇਹ ਯਾਦ ਰਹੇ ਕਿ ਬੁਰਾਈ ਵਿਰੁੱਧ ਲੜਨ ਲਈ ਅਤੇ ਆਪਣੀ ਰਖਿਆ ਨਾ ਕਰ ਸਕਣ ਵਾਲਿਆਂ ਦੀ ਸਹਾਇਤਾ ਲਈ ਉਹ ਹਰ ਦਮ ਤਿਆਰ-ਬਰ-ਤਿਆਰ ਹਨ।

******************

# ੫. ਹੋਲਾ ਮਹੱਲਾ

**੧੬੮੩** *(ਆਯੂ ੧੭ ਸਾਲ)*: ਗੁਰੂ ਜੀ ਜੰਗੀ ਖੇਡਾਂ ਦੇ ਮੁਕਾਬਲੇ ਕਰਵਾਇਆ ਕਰਦੇ ਸਨ ਤਾਕਿ ਸਿੱਖ ਕਿਸੇ ਵੀ ਅਤਿਆਚਾਰ ਵਿਰੁੱਧ ਆਪਣੀ ਰਖਿਆ ਆਪ ਕਰ ਸਕਣ। ਅਜਿਹੇ ਮੁਕਾਬਲੇ ਕਰਨ ਨਾਲ ਸਿੱਖਾਂ ਦੀ ਸਰੀਰਕ ਅਤੇ ਸੈਨਿਕ ਸਮਰੱਥਾ ਵਿਚ ਵਾਧਾ ਹੁੰਦਾ ਸੀ।

ਮਾਰਚ ੧੬੮੩ ਵਿਚ, ਹਿੰਦੂਆਂ ਦੇ ਧਾਰਮਿਕ ਤਿਓਹਾਰ ਹੋਲੀ ਦਾ ਮੌਸਮ ਸੀ। ਹੋਲੀ ਇਕ ਆਮ ਜਾਣਿਆ ਜਾਂਦਾ ਪੁਰਾਣਾ ਤਿਓਹਾਰ ਹੈ ਜੋ ਰੰਗਾਂ ਦੇ ਤਿਓਹਾਰ' ਵਜੋਂ ਵੀ ਜਾਣਿਆ ਜਾਂਦਾ ਹੈ। ਹਿੰਦੂ ਮੱਤ ਅਨੁਸਾਰ, ਇਹ ਤਿਓਹਾਰ ਰਾਧਾ ਅਤੇ ਕ੍ਰਿਸ਼ਨ ਦੇ ਸਦਾਕਾਲ ਕਾਲਪਨਿਕ ਅਤੇ ਪ੍ਰਮਾਤਮਾ ਨਾਲ ਪਿਆਰ ਦੇ ਰੂਪ ਵਜੋਂ ਮਨਾਇਆ ਜਾਂਦਾ ਹੈ। ਇਸ ਤਿਓਹਾਰ ਦੇ ਮਨਾਉਣ ਲਈ ਲੋਕ ਇਕ ਦੂਜੇ ਉੱਪਰ ਰੰਗ ਛਿੜਕਦੇ ਹਨ, ਮੌਜ ਮਸਤੀ ਕਰਦੇ ਹਨ ਅਤੇ ਖੁਸ਼ੀਆਂ ਮਨਾਉਂਦੇ ਹਨ।

ਜਦੋਂ ਕੁਝ ਸਿੱਖ ਚੱਕ ਨਾਨਕੀ ਵੱਲ ਜਾ ਰਹੇ ਸਨ, ਤਾਂ ਗੁਆਂਢ ਦੇ ਲੋਕਾਂ ਨੇ ਸਿੱਖਾਂ ਦੇ ਕਪੜਿਆਂ ਤੇ ਰੰਗ ਛਿੜਕ ਦਿਤੇ। ਰੰਗਾਂ ਨਾਲ ਲੱਥ ਪੱਥ ਹੋਏ ਕਪੜਿਆਂ ਨੂੰ ਦੇਖ ਕੇ ਗੁਰੂ ਜੀ ਨੇ ਟਿਪਣੀ ਕੀਤੀ ਕਿ ਇਹ ਇਕ ਅਰਥਹੀਣ ਕਾਰਜ ਹੈ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ ਕਿ ਉਹ ਇਸਦੀ ਬਜਾਏ ਜੰਗੀ ਖੇਡਾਂ ਵਿਚ ਹਿੱਸਾ ਲੈਣ। ਇਸਤਰ੍ਹਾਂ ਉਹ ਜੰਗੀ ਖੇਡਾਂ ਉਹਨਾਂ ਦਾ ਮਨ-ਪਰਚਾਵਾ ਵੀ ਕਰਨਗੀਆਂ ਅਤੇ ਉਹਨਾਂ ਦੇ ਸਰੀਰਕ ਸ਼ਕਤੀ ਵਿਚ ਵੀ ਵਾਧਾ ਕਰਨਗੀਆਂ।

ਗੁਰੂ ਜੀ ਨੇ ਘੋੜ-ਸਵਾਰੀ, ਤੀਰ-ਅੰਦਾਜ਼ੀ, ਕੁਸ਼ਤੀਆ ਅਤੇ ਤਲਵਾਰ-ਬਾਜ਼ੀ, ਗਤਕਾ-ਬਾਜ਼ੀ ਅਤੇ ਹੋਰ ਬਨਾਵਟੀ ਜੰਗਾਂ ਕਰਨ ਦੇ ਮੁਕਾਬਲਿਆਂ ਦਾ ਪ੍ਰਬੰਧ ਕੀਤਾ। ਗੁਰੂ ਜੀ ਨੇ ਇਸ ਤਿਓਹਾਰ ਨੂੰ 'ਹੋਲਾ ਮਹੱਲਾ' ਕਿਹਾ। ਗੁਰੂ ਜੀ ਜੇਤੂਆਂ ਨੂੰ ਇਨਾਮ ਅਤੇ ਸਿਰੋਪਾਓ ਦੇਂਦੇ ਸਨ। ਸ਼ਾਮ ਵੇਲੇ, ਪ੍ਰਮਾਤਮਾਂ ਦੇ ਗੁਣ ਗਾਇਨ ਕਰਨ ਲਈ ਕੀਰਤਨ ਦਰਬਾਰ ਕਰਵਾਇਆ ਜਾਂਦਾ, ਜਿਸਤੋਂ ਬਾਅਦ ਸਮੂਹ ਸੰਗਤ ਵਲੋਂ ਅਰਦਾਸ ਕੀਤੀ ਜਾਂਦੀ। 'ਹੋਲਾ ਮਹੱਲਾ' ਇਕ ਅਨੋਖਾ ਸਮਾਗਮ ਹੁੰਦਾ ਅਤੇ 'ਹੋਲਾ ਮਹੱਲਾ' ਮਨਾਉਣ ਲਈ ਸਿੱਖ ਹਰ ਸਾਲ ਚੱਕ ਨਾਨਕੀ' ਆਓਦੇ ਸਨ। ਅੱਜ ਵੀ ਇਹ ਸਮਾਗਮ ਅਨੰਦਪੁਰ ਵਿੱਚ ਅਤੇ ਹੋਰ ਜਿਥੇ ਵੀ ਦੁਨੀਆਂ ਵਿਚ ਸਿੱਖ ਵਸਦੇ ਹਨ, ਮਨਾਇਆ ਜਾਂਦਾ ਹੈ ।

******************

# ੬. ਮਾਤਾ ਸੁੰਦਰੀ ਜੀ (ਜੀਤੋ ਜੀ)

**੧੬੮੪** (ਆਯੂ ੧੮ ਸਾਲ): ਗੁਰੂ ਗੋਬਿੰਦ ਰਾਏ ਦੀ ਸ਼ਾਦੀ ਮਾਤਾ ਸੁੰਦਰੀ ਜੀ ਨਾਲ ਹੋਈ ਸੀ। ਸ਼ਾਦੀ ਤੋਂ ਪਹਿਲਾਂ ਉਹਨਾਂ ਦਾ ਨਾਮ ਜੀਤੋ ਜੀ ਸੀ। ਉਹਨਾਂ ਦਿਨਾਂ ਵਿਚ ਇਕ ਰਿਵਾਜ ਸੀ ਕਿ ਲੜਕੀ ਦਾ ਕਵਾਂਰੇ ਹੋਣ ਵੇਲੇ ਦਾ ਨਾਮ ਜਾਂ ਛੋਟਾ ਨਾਮ ਸ਼ਾਦੀ ਤੋਂ ਬਾਅਦ ਸਹੁਰਾ ਘਰ ਆਉਣ ਵੇਲੇ ਬਦਲ ਦਿਤਾ ਜਾਂਦਾ ਸੀ। ਇਹ ਰਿਵਾਜ ਅੱਜ ਵੀ ਕੁਝ ਥਾਵਾਂ ਤੇ ਪ੍ਰਚਲਤ ਹੈ। ਪੇਕੇ ਦੇ ਪਰਿਵਾਰ ਨਾਲ ਖਾਸ ਸਬੰਧਿਤ ਉਹਨਾਂ ਨੂੰ ਜੀਤੋ ਹੀ ਕਹਿੰਦੇ ਰਹੇ, ਜਦ ਕਿ ਹੋਰ ਸਭ ਸੁੰਦਰੀ ਕਹਿ ਕੇ ਬੁਲਾਂਦੇ ਸਨ। ਇਹ ਦੋਨੋ ਨਾਮ ਪ੍ਰਚਲਤ ਹੋਣ ਕਰਕੇ ਦੋ ਵੱਖ ਵੱਖ ਵਿਅੱਕਤੀ ਹੋਣ ਦਾ ਭੁਲੇਖਾ ਲਗ ਗਿਆ ਅਤੇ ਇਹ ਗਲਤ ਸਮਝਿਆ ਗਿਆ ਕਿ ਗੁਰੂ ਜੀ ਦੀਆਂ ਦੋ ਪਤਨੀਆਂ ਸਨ।

ਮਾਤਾ ਜੀਤੋ ਜੀ ਦੇ ਪਿਤਾ ਜੀ, ਹਰਦਾਸ, ਲਾਹੌਰ ਦੇ ਰਜਿਣ ਵਾਲੇ ਸਨ। ਉਹ ਲਾਹੌਰ ਦੀ ਸੰਗਤ ਦੇ ਕੁਝ ਮੈਂਬਰਾਂ ਨਾਲ ਅਨੰਦਪੁਰ ਆਏ ਅਤੇ ਸ਼ਾਦੀ ਦੀ ਮੁੱਢਲੀ ਰਸਮ ਅਦਾ ਕੀਤੀ। ਉਹਨਾਂ ਨੇ ਆਪਣੀ ਖਾਹਸ਼ ਜ਼ਾਹਰ ਕੀਤੀ ਕਿ ਕਿ ਸ਼ਾਦੀ ਦੀ ਰਸਮ ਲਾਹੌਰ ਵਿਚ ਹੋਏ। ਗੁਰੂ ਜੀ ਨੇ ਅਨੰਦਪੁਰ ਤੋਂ ਲਾਹੌਰ ਦੀ ਤਰਫ਼ ਸੱਤ ਮੀਲ ਦੂਰੀ ਤੇ ਇਕ ਨਵਾ ਨਗਰ ਵਸਾਇਆ। ਗੁਰੂ ਜੀ ਨੇ ਉਸ ਨਗਰ ਦਾ ਨਾਮ 'ਗੁਰੂ ਕਾ ਲਾਹੌਰ' ਰਖਿਆ। ਉਸ ਨਵੇਂ ਨਗਰ ਵਿਚ ਗੁਰੂ ਜੀ ਦੀ ਸ਼ਾਦੀ ਹੋਈ।

ਗੁਰੂ ਜੀ ਅਤੇ ਮਾਤਾ ਸੁੰਦਰੀ ਜੀ ਦੇ ਘਰ ਚਾਰ ਸਾਹਿਬਜ਼ਾਇਆਂ ਦੀ ਬਖਸ਼ਸ਼ ਹੋਈ।

ਸਾਹਿਬਜ਼ਾਦਾ ਅਜੀਤ ਸਿੰਘ, ਜਨਮ ਪਾਉਂਟਾ ਵਿਖੇ ੧੬੮੬ ਵਿਚ।
ਸਾਹਿਬਜ਼ਾਦਾ ਜੁਝਾਰ ਸਿੰਘ, ਜਨਮ ੧੬੯੦ ਵਿਚ।
ਸਾਬਿਜ਼ਾਦਾ ਜ਼ੋਰਾਵਰ ਸਿੰਘ, ਜਨਮ ਅਨੰਦਪੁਰ ਵਿਖੇ ੧੬੯੬ ਵਿਚ।
ਸਾਹਿਬਜ਼ਾਦਾ ਫ਼ਤਹਿ ਸਿੰਘ, ਜਨਮ ਅਨੰਦਪੁਰ ਵਿਖੇ ੧੬੯੮ ਵਿਚ।

ਮਾਤਾ ਸੁੰਦਰੀ ਜੀ (ਜੀਤੋ ਜੀ) ਦਾ ਦੇਹਾਤ ਦਸੰਬਰ ੧੭੦੦ ਵਿਚ ਅਨੰਦਪੁਰ ਵਿਖੇ ਹੋਇਆ। ਉਸ ਸਮੇਂ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਚਾਰ ਸਾਲਾਂ ਦਾ ਸੀ ਅਤੇ ਸਾਹਿਬਜ਼ਾਦਾ ਫ਼ਤਹਿ ਸਿੰਘ ਸਿਰਫ਼ ਡੇਢ ਸਾਲ ਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ, ਮਾਤਾ ਗੁਜਰੀ ਜੀ ਨੇ ਛੋਟੇ ਸਾਹਿਬਜ਼ਾਦਿਆਂ ਦਾ ਪਾਲਣ ਪੋਸ਼ਣ ਕੀਤਾ। ਮਾਤਾ ਗੁਜਰੀ ਜੀ ਨੇ ਉਹਨਾ ਨੂੰ ਬੜੇ ਪਿਆਰ ਅਤੇ ਧਿਆਨ ਨਾਲ ਸਾਰੇ ਸਿੱਖੀ ਗੁਣ ਅਤੇ ਚੰਗਿਆਈਆਂ ਨਾਲ ਭਰਪੂਰ ਕਰਕੇ ਪਾਲਿਆ ਜੋ ਗੁਣ ਉਹਨਾਂ ਦੀ ਸ਼ਹੀਦੀ ਵੇਲੇ ਦੁਸ਼ਮਣਾਂ ਵਲੋਂ ਦਿਤੇ ਤਸੀਹਿਆਂ ਦੇ ਸਾਹਮਣੇ ਪਰਤੱਖ ਜ਼ਾਹਰ ਹੋਏ।

******************

# ੭. ਪਾਉਂਟਾ ਸਥਾਪਤ ਕੀਤਾ

**੧੬੮੫** (ਆਯੂ ੧੯ ਸਾਲ): ਨਾਹਨ ਰਾਜ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਹ ਉਸਦੇ ਰਾਜ ਦਾ ਦੌਰਾ ਕਰਨ। ਗੁਰੂ ਜੀ ਨੇ ਬੇਨਤੀ ਮੰਨ ਲਈ ਅਤੇ ਚੱਕ ਨਾਨਕੀ ਤੋਂ ਦੌਰੇ ਤੇ ਆਏ। ਰਾਜੇ ਨੇ ਗੁਰੂ ਜੀ ਦਾ ਸ਼ਾਹੀ ਸਵਾਗਤ ਕੀਤਾ ਅਤੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸਦੇ ਰਾਜ ਵਿਚ ਇਕ ਸਿੱਖ ਕੇਂਦਰ ਸਥਾਪਤ ਕਰਨ।

ਗੁਰੂ ਜੀ ਨੇ ਜਮੁਨਾ ਨਦੀ ਦੇ ਕਿਨਾਰੇ ਇਕ ਵਿਸ਼ੇਸ਼ ਸਥਾਨ ਚੁਣਿਆ। ਅਪ੍ਰੈਲ ੧੬੮੫ ਵਿਚ, ਗੁਰੂ ਜੀ ਨੇ ਨਵੇਂ ਨਗਰ ਦੀ ਸਥਾਪਨਾ ਕੀਤੀ ਅਤੇ ਇਸਦਾ ਨਾਮ ਪਾਉਂਟਾ ਰਖਿਆ। ਇਸ ਦੇ ਨੀਂਹ ਪੱਥਰ ਦੀ ਸਥਾਪਨਾ ਦਾ ਮਾਣ ਗੁਰੂ ਜੀ ਨੇ ਮਾਨਯੋਗ ਬਾਬਾ ਬੁੱਢਾ ਜੀ ਦੇ ਵੰਸ਼ਜ ਨੂੰ ਬਖ਼ਸ਼ਸ਼ ਕੀਤਾ।

*ਪਾਉਂਟਾ* ਸਿੱਖਾਂ ਦਾ ਇਕ ਮਹੱਤਵਪੂਰਣ ਸਿੱਖ ਕੇਂਦਰ ਬਣ ਗਿਆ। ਹਜ਼ਾਰਾਂ ਹੀ ਸਿੱਖ ਨਵਾਂ ਸ਼ਹਿਰ ਦੇਖਨ ਆਏ ਅਤੇ ਇਸੇ ਨਵੇਂ ਸ਼ਹਿਰ ਵਿਚ ਵਸ ਗਏ। ਬਹੁਤ ਵੱਡੀ ਗਿਣਤੀ ਵਿਚ ਕਵੀ ਅਤੇ ਹੋਰ ਕਲਾਕਾਰ ਪਉਂਟਾ ਵਿਖੇ ਵਿਚ ਆਕੇ ਵੱਸ ਗਏ। ਇਸ ਜਗਹ ਤੇ ਗੁਰੂ ਜੀ ਕਵੀ ਦਰਬਾਰ ਕਰਾਂਉਦੇ ਸਨ। ਇਹਨਾਂ ਕਵੀਆਂ ਨੇ ਪਉਂਟਾ ਵਿਖੇ ਹੀ ਬਹੁਤ ਸਾਹਿਤਕ ਕੰਮ ਕੀਤਾ।

ਪਾਉਂਟਾ ਵਿਚ ਰਹਿਣ ਦੇ ਸਮੇਂ, ਗੁਰੂ ਜੀ ਘੋੜ-ਸਵਾਰੀ, ਤੈਰਨਾ, ਤੀਰ-ਅੰਦਾਜ਼ੀ ਅਤੇ ਹੋਰ ਸਰੀਰਕ ਕਲਾਵਾਂ ਦਾ ਅਭਿਆਸ ਕਰਦੇ। ਆਪ ਜੀ ਸਿੱਖਾਂ ਦੀ ਨਵੀਂ ਬਰਾਦਰੀ ਨੂੰ  ਸਰੀਰਕ ਅਤੇ ਮਾਨਸਿਕ ਸ਼ਕਤੀ ਅਤੇ ਧੀਰਜ ਚੰਗਾ ਬਨਾਉਣ ਲਈ ਰੋਜ਼ਾਨਾ ਜੰਗੀ ਕਲਾਵਾਂ ਦੇ ਅਭਿਆਸ ਲਈ ਉਤਸ਼ਾਹਤ ਕਰਦੇ। ਮੰਤਵ ਇਹ ਸੀ ਕਿ ਸਿੱਖਾ ਦੀ ਮਾਨਸਿਕ ਅਤੇ ਸਰੀਰਕ ਸ਼ਕਤੀ ਵਧਣ ਨਾਲ ਉਹ ਭਵਿਖ ਦੇ ਜ਼ੁਲਮਾਂ ਅਤੇ ਅਤਿਆਚਾਰਾਂ ਦਾ ਟਾਕਰਾ ਕਰ ਸਕਣਗੇ। ਫਿਰ ਵੀ, ਗੁਆਂਢ ਦੇ ਰਾਜਪੂਤ ਪਹਾੜੀ ਰਾਜੇ ਸਿੱਖਾਂ ਦੀ ਸਰੀਰਕ ਸਿਖਲਾਈ ਤੋਂ ਡਰਦੇ ਸਨ ਅਤੇ ਸਿੱਖਾਂ ਵਿਰੁੱਧ ਫੋਜ ਇਕੱਠੀ ਕਰਨ ਲਗ ਪਏ।

**********************

# ੮. ਭੰਗਾਣੀ ਦੀ ਜੰਗ

**੧੬੮੮** (ਆਯੂ ੨੨ ਸਾਲ): ਗੁਰੂ ਹਰਿ ਰਾਏ ਜੀ ਦੇ ਪੁੱਤਰ ਰਾਮ ਰਾਏ ਨੇ ਔਰੰਗਜ਼ੇਬ ਦਾ ਸਾਥ ਦੇਣ ਕਾਰਨ ਦਸਵੇਂ ਨਾਨਕ ਪਾਸੋਂ ਮੁਆਫ਼ੀ ਮੰਗਣ ਦੀ ਜਾਚਨਾ ਕੀਤੀ। ਗੁਰੂ ਗੋਬਿੰਦ ਰਾਏ ਜੀ ਨੇ ਰਾਮ ਰਾਏ ਨੂੰ ਮੁਆਫ਼ ਕਰ ਦਿਤਾ। ਸਤਵੇਂ ਨਾਨਕ, ਗੁਰੂ ਹਰਿ ਰਾਏ ਜੀ ਨੇ ਆਪਣੇ ਵੱਡੇ ਪੁੱਤਰ ਰਾਮ ਰਾਏ ਨੂੰ ਅਠਵਾਂ ਨਾਨਕ ਨਿਯੁੱਕਤ ਨਹੀਂ ਕੀਤਾ ਅਤੇ ਆਪਣੇ ਛੋਟੇ ਸਪੁੱਤਰ ਹਰਿ ਕ੍ਰਿਸ਼ਨ ਜੀ ਨੂੰ ਨਿਯੁੱਕਤ ਕਰ ਦਿਤਾ ਸੀ।

ਰਾਮ ਰਾਏ ਦੇ ਮਸੰਦ ਰਾਮ ਰਾਏ ਦੀ ਕਮਾਈ ਤੇ ਨਿਰਬਾਹ ਕਰਦੇ ਸਨ ਕਿਉਂਕਿ ਕੁਝ ਸਿੱਖ ਉਸਨੂੰ ਸਤਵੇਂ ਗੁਰੂ ਦਾ ਪੁੱਤਰ ਹੋਣ ਕਾਰਨ ਉਸਦਾ ਪੱਖ ਪੂਰਦੇ ਸਨ। ਮਸੰਦ ਸੰਗਤ ਪਾਸੋਂ ਪ੍ਰਾਪਤ ਕੀਤਾ ਧਨ ਆਪਣੀਆ ਨਿੱਜੀ ਲੋੜਾਂ ਲਈ ਵਰਤਦੇ ਸਨ। ਉਹ ਪੂਰੀ ਤਰ੍ਹਾਂ  ਭ੍ਰਿਸ਼ਟ ਹੋ ਚੁੱਕੇ ਸਨ। ਰਾਮ ਰਾਏ ਨੂੰ ਗੁਰੂ ਗੋਬਿੰਦ ਰਾਏ ਨਾਲ ਮਿਲਣਾ ਉਹਨਾਂ ਦੇ ਨਿੱਜੀ ਮਤਲਬਾਂ ਦੇ ਵਿਰੋਧ ਵਿਚ ਸੀ। ੧੬੮੭ ਵਿਚ, ਰਾਮ ਰਾਏ ਆਪਣੇ ਮਸੰਦਾ ਦੇ ਹੱਥੋਂ ਹੀ ਕਤਲ ਹੋ ਗਿਆ। ਉਸਦੀ ਵਿਧਵਾ ਨੇ ਬੇਨਤੀ ਕੀਤੀ ਕਿ ਗੂਰੂ ਜੀ ਸਾਜ਼ਸ਼ਕਾਰਾਂ ਨੂੰ ਸਜ਼ਾ ਦੇਣ। ਇਕ ਮਸੰਦ ਦੌੜ ਗਿਆ ਅਤੇ ਗੜਵਾਲ ਰਾਜ ਦੇ ਰਾਜਾ ਫਤਹਿ ਚੰਦ ਕੋਲ ਚਲਾ ਗਿਆ। ਗਲਤ ਪ੍ਰਚਾਰ ਨਾਲ ਰਾਜੇ ਦੇ ਅੰਦਰ ਜ਼ਹਿਰ ਭਰਿਆ ਅਤੇ ਗੁਰੂ ਜੀ ਵਿਰੁੱਧ ਉਸਨੂੰ ਉਕਸਾਇਆ।

ਉਹ ਮਸੰਦ ਫਤਹਿ ਚੰਦ ਨੂੰ ਧੋਖਾ ਦੇਣ ਵਿਚ ਕਾਮਯਾਬ ਹੋ ਗਿਆ ਕਿ ਗੁਰੂ ਜੀ ਉਸਦੇ ਰਾਜ ਨੂੰ ਆਪਣੇ ਕਬਜ਼ੇ ਵਿਚ ਕਰਨ ਦੀ ਯੋਜਨਾ ਬਣਾ ਰਿਹੇ ਸਨ। ਫਤਹਿ ਚੰਦ ਵਾਸਤੇ ਇਤਨੀ ਹੀ ਗਲਤ-ਬਿਆਨੀ ਕਾਫੀ ਸੀ ਅਤੇ ਉਸਨੇ ਪਾਉਂਟਾ ਵਿਚ ਗੁਰੂ ਜੀ ਤੇ ਹਮਲਾ ਕਰਨ ਦੀ ਯੋਜਨਾ ਬਣਾ ਲਈ। ਇਸ ਭਾਰੂ ਹਮਲੇ ਬਾਰੇ ਗੁਰੂ ਜੀ ਨੂੰ ਪਤਾ ਚਲ ਗਿਆ ਅਤੇ ਗੁਰੂ ਜੀ ਨੇ ਫਤਹਿ ਚੰਦ ਦਾ ਪਾਉਂਟਾ ਪਹੁੰਚਣ ਤੋਂ ਪਹਿਲਾਂ ਹੀ ਉਸਦਾ ਸਾਹਮਣਾ ਕਰਨ ਦਾ ਫੈਸਲਾ ਕੀਤਾ। ਯੁੱਧ ਦਾ ਸਥਾਨ ਭੰਗਾਣੀ ਚੁਣਿਆ ਗਿਆ, ਜੋ ਪਾਉਂਟਾ ਤੋਂ ਉਤਰ-ਪੂਰਬ ਵੱਲ ਕੋਈ ਛੇ ਮੀਲ ਦੀ ਦੂਰੀ ਤੇ ਸੀ। ਇਹ ਯੁੱਧ ੧੮ ਸਤੰਬਰ ਨੂੰ ਹੋਇਆ ਅਤੇ ਕੁਝ ਘੰਟੇ ਵਿੱਚ ਹੀ ਖਤਮ ਹੋ ਗਿਆ। ਫਤਹਿ ਚੰਦ ਦਾ ਜਰਨੈਲ ਹਰੀ ਚੰਦ ਮਾਰਿਆ ਗਿਆ, ਹੋਰ ਵੀ ਕਈ ਸੈਨਕ ਮਾਰੇ ਗਏ ਅਤੇ ਉਹ ਆਪ ਵੀ ਹਾਰ ਵਿਚ ਜੰਗ ਦੇ ਮੈਦਾਨ ਨੂੰ ਛੱਡ ਕੇ ਦੌੜ ਗਿਆ।

ਭੰਗਾਣੀ ਦੇ ਯੁੱਧ ਵਿਚ ਜਿੱਤ ਹੋਣ ਤੋਂ ਬਾਅਦ, ਗੁਰੂ ਜੀ ਪਾਉਂਟਾ ਦੀ ਬਜਾਏ ਚੱਕ ਨਾਨਕੀ ਚਲੇ ਗਏ। ਚੱਕ ਨਾਨਕੀ ਜਲਦੀ ਹੀ ਆਪਣੀ ਪੁਰਾਣੀ ਸ਼ਾਨ-ਸ਼ੋਕਤ ਵਿੱਚ ਆ ਗਈ।

**********************

# ੯. ਆਨੰਦਪੁਰ ਦੀ ਸਥਾਪਨਾ

**੧੬੮੯** *(ਆਯੂ ੨੩ ਸਾਲ)*: ਚੱਕ ਨਾਨਕੀ ਦਾ ਇਲਾਕਾ ਇਕ ਛੋਟਾ ਜਿਹਾ ਖੇਤਰ ਸੀ ਜਿਥੇ ਗੁਰਦੁਆਰਾ 'ਗੁਰੂ ਕਾ ਮਹਿਲ' (ਗੁਰੂ ਜੀ ਦਾ ਨਿਵਾਸ ਸਥਾਨ) ਸਥਾਪਤ ਸੀ। ਪਾਉਂਟਾ ਤੋਂ ਗੁਰੂ ਜੀ ਦੇ ਆਉਣ ਨਾਲ, ਯਾਤਰੂਆਂ ਦੀ ਗਿਣਤੀ ਵਿਸ਼ੇਸ਼ ਤੌਰ ਤੇ ਵੱਧ ਗਈ। ਉਹ ਜਗਹ ਵੱਡੇ ਇਕੱਠ ਕਰਨ ਲਈ ਕਾਫੀ ਨਹੀਂ ਸੀ। ਯਾਤਰੂਆਂ ਲਈ ਰਹਿਣ ਸਹਿਣ ਅਤੇ ਸੁਖ-ਸਹੂਲਤਾਂ ਘੱਟ ਸਨ। ਗੁਰੂ ਜੀ ਨੇ ਫੈਸਾਲਾ ਕੀਤਾ ਕਿ ਵਧਦੇ ਫੁਲਦੇ ਸਿੱਖ ਕੇਂਦਰ ਦੇ ਖੇਤਰ ਨੂੰ ਹੋਰ ਵਧਾਇਆ ਜਾਵੇ।

੨੯ ਮਾਰਚ ਨੂੰ ਚੱਕ ਨਾਨਕੀ ਵਿਚ ਇਕ ਸਾਲਾਨਾ ਇਕੱਠ ਹੋਇਆ, ਜਿਸ ਵਿਚ ਹਜ਼ਾਰਾਂ ਸਿੱਖ ਇਕੱਤਰ ਹੋਏ। ਹਰ ਕਿਸੇ ਨੂੰ ਇਹ ਸਪਸ਼ਟ ਹੋ ਗਿਆ ਕਿ ਨਗਰ ਦਾ ਪਸਾਰ ਹੋਣਾ ਜਰੂਰੀ ਹੈ। ਗੁਰੂ ਜੀ ਨੇ ਦਸਿਆ ਕਿ ਜ਼ਮੀਨ ਦੀ ਜ਼ਰੂਰਤ ਸਿਰਫ਼ ਮਕਾਨਾਂ ਦੀ ਉਸਾਰੀ ਲਈ ਹੀ ਨਹੀਂ ਚਾਹੀਦੀ, ਸਗੋਂ ਇਸਦੀ ਰਖਿਆ ਲਈ ਕਿਲੇ ਬਨਾਉਣੇ ਵੀ ਜ਼ਰੂਰੀ ਸਨ। ਰਾਣੀ ਚੰਪਾ ਅਤੇ ਉਸਦੇ ਪੁੱਤਰ ਭੀਮ ਚੰਦ, ਜੋ ਬਿਲਾਸਪੁਰ ਦਾ ਸ਼ਾਹੀ ਪਰਵਾਰ ਸੀ, ਉਹ ਇਸ ਇਕੱਠ ਵਿਚ ਹਾਜ਼ਰ ਸਨ। ਰਾਣੀ ਨੇ ਗੁਰੂ ਜੀ ਨੂੰ ਜ਼ਮੀਨ ਦੇਣ ਦੀ ਪੇਸ਼ਕਸ ਕੀਤੀ ਕਿ ਜਿਤਨੀ ਵੀ ਜ਼ਮੀਨ ਗੁਰੂ ਜੀ ਨੂੰ ਹੋਰ ਪਾਸਾਰ ਵਾਸਤੇ ਚਾਹੀਦੀ ਹੋਵੇ, ਉਹ ਸਾਰੀ ਜ਼ਮੀਨ ਬਿਨਾਂ ਕਿਸੇ ਕੀਮਤ ਤੇ ਦਿਤੀ ਜਾਵੇਗੀ। ਗੁਰੂ ਜੀ ਨੂੰ ਇਹ ਬਖ਼ਸ਼ੀਸ਼ ਲੈਣੀ ਮੰਨਜ਼ੂਰ ਨਹੀਂ ਸੀ। ਸੋ ਰਾਣੀ ਚੰਪਾ ਨੇ ਝਿਜਕਦਿਆਂ ਹੋਇਆਂ ਕੀਮਤ ਲੈਣੀ ਮੰਨਜ਼ੂਰ ਕਰ ਲਈ।

੩੦ ਮਾਰਚ ਨੂੰ, ਗੁਰੂ ਜੀ ਨੇ ਇਸ ਨਵੇਂ ਸ਼ਹਿਰ ਦਾ ਨੀਂਹ ਪੱਥਰ ਰਖਿਆ ਅਤੇ ਆਨੰਦਪੁਰ ਇਸਦਾ ਨਾਮ ਰਖਿਆ। ਅਨੰਦਪੁਰ ਦਾ ਨੀਂਹ ਪੱਥਰ ਰਖਣ ਤੋਂ ਬਾਅਦ, ਗੁਰੂ ਜੀ ਨੇ ਅਨੰਦਪੁਰ ਦੇ ਖੇਤਰ ਵਿਚ ਪੰਜ ਕਿਲੇ ਬਨਾਉਣ ਦੀ ਯੋਜਨਾ ਬਣਾਈ: ਕਿਲਾ ਅਨੰਦਗੜ੍ਹ, ਪਹਾੜੀ ਦੇ ਸਿਖਰ ਤੇ ਹੋਣ ਕਰਕੇ ਅਤਿਅੰਤ ਸੁਰੱਖਿਅਤ; ਕਿਲਾ ਲੋਹਗੜ੍ਹ, ਸ਼ਸਤਰਾਂ ਦੀ ਤਿਆਰੀ ਲਈ ਵਰਤੋਂ ਵਾਸਤੇ; ਕਿਲਾ ਫਤਹਿਗੜ੍ਹ, ਤਾਰਾਗੜ੍ਹ ਅਤੇ ਆਗਮਗੜ੍ਹ।

ਇਹ ਉਮੀਦ ਸੀ ਕਿ ਦੁਸ਼ਮਣ ਵਲੋਂ ਮਹੀਨਿਆਂ ਬੱਧੀ ਕੀਤੇ ਕਿਸੇਤਰ੍ਹਾਂ ਦੇ ਵੀ ਘੇਰੇਬੰਦੀ ਦੌਰਾਨ ਇਹ ਰਖਿਆ ਪਰਣਾਲੀ ਪੂਰੀ ਤਰ੍ਹਾਂ ਸੁਰਖਿਅਤ ਹੋਵੇਗੀ। ਸੋ, ਸਿੱਖਾਂ ਦਾ ਇਹ ਸ਼ਹਿਰ ਆਨੰਦਪੁਰ ਹਮੇਸ਼ਾ ਹੀ ਹਰ ਪਾਸਿਓਂ ਸੁਰੱਖਿਅਤ ਅਤੇ ਸਵੈ-ਸੰਪੂਰਨ ਰਹੇਗਾ।

************************

# ੧੦. ਨਾਦੌਣ ਦੀ ਜੰਗ

**੧੬੯੧** *(ਆਯੂ ੨੫ ਸਾਲ)*: ੧੬੯੧ ਦੇ ਮਾਰਚ ਵਿਚ, ਲਾਹੌਰ ਦੇ ਗਵਰਨਰ ਨੇ ਪਹਾੜੀ ਰਾਜਿਆ ਤੇ ਹਮਲਾ ਕਰਨ ਲਈ ਜਨਰਲ ਆਲਿਫ਼ ਬੇਗ਼ ਦੇ ਹੁਕਮਾਂ ਹੇਠ ਫੋਜ ਭੇਜੀ। ਨਾਦੌਣ ਅਤੇ ਬਿਲਾਸਪੁਰ ਦੇ ਰਾਜਿਆਂ ਨੇ ਗੁਰੂ ਜੀ ਤੋਂ ਮਦਦ ਮੰਗੀ। ਰਾਣੀ ਚੰਪਾ ਅਤੇ ਰਾਜਾ ਭੀਮ ਚੰਦ ਗੁਰੂ ਜੀ ਦੇ ਪੂਰੀ ਤਰ੍ਹਾਂ ਵਫ਼ਾਦਾਰ ਸਨ। ਗੁਰੂ ਜੀ ਨੇ ਆਨੰਦਪੁਰ ਵਿਚ ਸਿੱਖਾਂ ਨੂੰ ਹਦਾਇਤ ਕੀਤੀ ਕਿ ਮੁਗ਼ਲ ਫੋਜਾਂ ਨੂੰ ਰੋਕਣ ਲਈ ਉਹ ਹਥਿਆਰ-ਬੰਦ ਹੋ ਕੇ ਨਾਦੌਣ ਜਾਣ।

੧੯ ਮਾਰਦ ਨੂੰ, ਘਮਸਾਨ ਦਾ ਇਕ ਯੁੱਧ ਹੋਇਆ। ਇਕ ਪਾਸੇ ਮੁਗ਼ਲ ਫੋਜਾਂ ਸਨ ਅਤੇ ਦੂਜੇ ਪਾਸੇ ਸਿੱਖ ਅਤੇ ਪਹਾੜੀ ਰਾਜਿਆਂ ਦੇ ਸੈਨਕ ਸਨ। ਸੈਨਕਾਂ ਨੇ ਦੋਨੋ ਪਾਸਿਓਂ ਬੜੀ ਬਹਾਦਰੀ ਨਾਲ ਜੰਗ ਕੀਤੀ। ਮੁਗ਼ਲ ਫੋਜ ਕਿਸੇਤਰਾਂ ਵੀ ਸਿੱਖਾਂ ਅਤੇ ਪਹਾੜੀ ਰਾਜਿਆਂ ਦਾ ਮੁਕਾਬਲਾ ਨ ਕਰ ਸਕੀਆਂ ਅਤੇ ਹਾਰ ਗਈਆਂ। ਹਨੇਰੇ ਦੀ ਆੜ ਹੇਠ, ਮੁਗ਼ਲ ਜਰਨੈਲ ਦੌੜ ਗਿਆ। ਦੋਨੋ ਪਾਸੇ ਬਹੁਤ ਮੌਤਾਂ ਹੋਈਆਂ।

ਜੰਗ ਤੋਂ ਬਾਅਦ, ਗੁਰੂ ਜੀ ਨੇ ਆਨੰਦਪੁਰ ਆਉਣ ਤੋਂ ਪਹਿਲਾਂ ਸੱਤ ਦਿਨ ਨਾਦੌਣ ਦੇ ਰਾਜਾ ਦੇ ਮਹਿਲ ਵਿਚ ਗੁਜ਼ਾਰੇ।

***********************

# ੧੧. ਆਨੰਦ ਪੁਰ ਤੇ ਪਹਿਲਾ ਹਮਲਾ

**੧੬੯੫** *(ਆਯੂ ੨੯ ਸਾਲ)*: ਬਿਲਾਸਪੁਰ ਦੀ ਰਾਣੀ ਚੰਪਾ ਦਾ ਮਈ ੧੬੯੧ ਵਿਚ ਦੇਹਾਂਤ ਹੋ ਗਿਆ ਅਤੇ ਰਾਜਾ ਭੀਮ ਚੰਦ ਦੀ ਮੌਤ ਸਤੰਬਰ ੧੬੯੨ ਵਿਚ ਹੋ ਗਈ। ਦੋਨੋ ਹੀ ਗੁਰੂ ਜੀ ਪ੍ਰਤੀ ਬਹੁਤ ਵਫ਼ਾਦਾਰ ਸਨ। ਭੀਮ ਚੰਦ ਦਾ ਪੁੱਤਰ, ਅਜਮੇਰ ਚੰਦ ਬਿਲਾਸਪੁਰ ਦਾ ਰਾਜਾ ਬਣਿਆ। ਅਜਮੇਰ ਚੰਦ ਆਪਣੇ ਬ੍ਰਾਹਮਣ ਮੰਤਰੀ, ਪਰਮਾ ਨੰਦ ਦੇ ਪ੍ਰਭਾਵ ਹੇਠ ਸੀ। ਅਜਮੇਰ ਚੰਦ ਗੁਰੂ ਜੀ ਅਤੇ ਉਸਦੇ ਸੇਵਕਾਂ ਨੂੰ ਪਸੰਦ ਨਹੀਂ ਕਰਦਾ ਸੀ। ਰਾਜੇ ਨੂੰ ਇਹ ਮੰਜੂਰ ਨਹੀਂ ਸੀ ਕਿ ਸਿੱਖ ਧਰਮ ਜਾਤਾਂ ਦਾ ਵਿਤਕਰਾ ਕੀਤੇ ਬਿਨਾ ਸਭ ਨੂੰ ਬਰਾਬਰ ਸਮਝਦੇ ਸਨ।

ਅਜਮੇਰ ਚੰਦ ਗੁਰੂ ਜੀ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ, ਪਰ ਇਹ ਸਭ ਕੁਝ ਕਰਨ ਲਈ ਉਹ ਆਪ ਇਤਨਾ ਹਿੰਮਤੀ ਜਾਂ ਸਾਹਸੀ ਨਹੀਂ ਸੀ। ਉਸਨੇ ਲਾਹੌਰ ਦੇ ਗਵਰਨਰ ਨੂੰ ਯਕੀਨ ਦਵਾਇਆ ਕਿ ੧੬੯੧ ਵਿਚ ਨਾਦੌਣ ਦੀ ਜੰਗ ਵਿਚ ਗੁਰੂ ਜੀ ਨੇ ਮੁਗ਼ਲ ਫੋਜਾਂ ਦੀ ਅਗਵਾਈ ਕੀਤੀ ਸੀ। ਗਵਰਨਰ ਇਸ ਝੂਠੇ ਦੂਸ਼ਨ ਨੂੰ ਨ ਸਮਝ ਸਕਿਆ। ਉਹ ਗੁੱਸੇ ਵਿਚ ਅੱਗ-ਬਬੂਲਾ ਹੋ ਗਿਆ ਅਤੇ ਬਹੁਤ ਵੱਡੀ ਫੋਜ ਨੂੰ ਆਨੰਦਪੁਰ ਵੱਲ ਭੇਜ ਦਿਤਾ।

੧੯ ਅਗਸਤ ਨੂੰ, ਮੁਗ਼ਲ ਫੋਜ ਆਨੰਦਪੁਰ ਦੀਆ ਬਾਹਰੀ ਹੱਦਾਂ ਵੱਲ ਚਲ ਪਈ। ਉਹ ਉਥੇ ਨੇੜੇ ਹੀ ਜ਼ੋਰਦਾਰ ਵਗਦੇ ਪਾਣੀ ਦੇ ਕਿਨਾਰੇ ਪਹੁੰਚੇ। ਉਹਨਾਂ ਦੀ ਬਦਕਿਸਮਤੀ ਵਜੋਂ, ਇਹ ਜ਼ੋਰਦਾਰ ਹੜ੍ਹ ਦਾ ਵਕਤ ਸੀ। ਉਹਨਾ ਨੇ ਜ਼ੋਰਦਾਰ ਵਗਦੇ ਪਾਣੀ ਨੂੰ ਪਾਰ ਕਰਨ ਦੀ ਕੋਸ਼ਸ਼ ਕੀਤੀ ਪਰ ਪਾਣੀ ਦੀ ਤੇਜ਼ ਧਾਰ ਵਿਚ ਵਹਿ ਗਏ ਅਤੇ ਕੁਝ ਸੈਨਕਾਂ ਦਾ ਨੁਕਸਾਨ ਹੋ ਗਿਆ।

ਸਿੱਖਾਂ ਨੇ ਜਿੱਤ ਦਾ ਐਲਾਨ ਕਰਦਿਆਂ ਰਣਜੀਤ ਨਗਾਰਾ ਵਜਾਉਣਾ ਸ਼ੁਰੁ ਕਰ ਦਿਤਾ। ਸਿੱਖਾਂ ਨੇ ਜਿੱਤ ਦਾ ਜੈਕਾਰਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਆਪਣੀ ਆਵਾਜ਼ ਦੇ ਪੂਰੇ ਜ਼ੋਰਾਂ ਨਾਲ ਬੋਲ ਦਿਤਾ। ਰੱਬੀ ਸਹਾਰੇ ਪ੍ਰਤੀ ਧਿਆਉਣ ਦੀ ਕਿਰਿਆ ਸਾਰੇ ਪਹਾੜਾਂ ਵਿਚ ਗੂੰਜ ਗਈ ਜਿਸਨੇ ਇਹ ਪ੍ਰਭਾਵ ਦਿਤਾ ਕਿ ਸਿੱਖ ਫੋਜਾਂ ਬਹੁ-ਗਿਣਤੀ ਵਿਚ ਸਨ।

ਉਹ ਜ਼ੋਰਦਾਰ ਵਹਿੰਦਾ ਪਾਣੀ, ਨਗਾਰੇ ਦੀ ਗੂੰਜਦੀ ਆਵਾਜ਼ ਅਤੇ ਸਿੱਖ ਜੈਕਾਰਿਆਂ ਨਾਲ ਕੀਤੀ ਜਿੱਤ ਦੇ ਐਲਾਨ ਦੀ ਚੀਰਦੀ ਹੋਈ ਇਕ-ਜੁੱਟ ਆਵਾਜ਼ ਨਾਲ ਮੁਗ਼ਲ ਫੋਜਾਂ ਘਬਰਾ ਗਈਆਂ। ਮੁਗ਼ਲ ਜਰਨੈਲ ਨੇ ਆਨੰਦਪੁਰ ਤੇ ਹਮਲਾ ਕਰਨ ਦੀ ਯੋਜਨਾ ਨੂੰ ਤਿਆਗ ਦਿਤਾ ਅਤੇ ਲਾਹੌਰ ਵੱਲ ਪਰਤ ਆਇਆ।

******************

# ੧੨. ਗੁਲੇਰ ਦੀ ਜੰਗ

**੧੬੯੬** *(ਆਯੂ ੩੦ ਸਾਲ)*: ਹਾਰੀ ਹੋਈ ਮੁਗ਼ਲ ਫੋਜ ਜਦੋਂ ਲਾਹੌਰ ਪਰਤ ਆਈ, ਤਾਂ ਉਪ-ਗਵਰਨਰ ਨੇ ਪਹਾੜੀ ਰਾਜਾਂ ਵੱਲ ਧਿਆਨ ਕੀਤਾ। ਉਸਨੇ ਪਹਾੜੀ ਰਾਜਿਆਂ ਪਾਸੋਂ ਨਜ਼ਰਾਨੇ ਦੀ ਮੰਗ ਕੀਤੀ। ਉਸਦਾ ਸੰਦੇਸ਼ ਸੀ ਕਿ ਅਦਾਇਗੀ ਨ ਕਰਨ ਵਾਲਿਆਂ ਦੇ ਖਜ਼ਾਨਿਆਂ ਨੂੰ ਲੁੱਟਣ ਲਈ ਮੁਗਲ ਫੋਜਾਂ ਹਮਲਾ ਕਰਨਗੀਆਂ। ਕਿਸੇ ਤਰ੍ਹਾਂ ਦਾ ਜੁਆਬ ਨਾ ਮਿਲਦਾ ਦੇਖ ਕੇ, ਗਵਰਨਰ ਨੇ ਪਹਿਲਾਂ ਦਦਵਾਲ ਰਾਜ ਤੇ ਹਮਲਾ ਕੀਤਾ। ਦਦਵਾਲ ਰਾਜ ਹਮਲੇ ਦਾ ਵਿਰੋਧ ਨਾ ਕਰ ਸਕਿਆ। ਉਸਤੋਂ ਬਾਅਦ ਬਿਲਾਸਪੁਰ ਰਾਜ ਦੀ ਵਾਰੀ ਸੀ। ਇਸਨੇ ਵੀ ਵਿਰੋਧ ਕਰਨ ਦੇ ਬਗੈਰ ਹੀ ਹਾਰ ਮੰਨ ਲਈ। ਦੋਨੋ ਰਾਜਾਂ ਨੂੰ ਨਾਲ ਲਗਦੇ ਪਹਾੜੀ ਰਾਜਾਂ ਤੇ ਹਮਲਾ ਕਰਨ ਲਈ ਮੁਗ਼ਲ ਫੋਜਾਂ ਨਾਲ ਮਿਲਣ ਲਈ ਹੁਕਮ ਦਿਤਾ ਗਿਆ।

ਅਗਲਾ ਨਿਸ਼ਾਨਾ ਗੁਲੇਰ ਦਾ ਰਾਜ ਸੀ। ਮਦਦ ਦੀ ਮੰਗ ਕਰਦਿਆਂ ਇਸਦੇ ਰਾਜੇ ਨੇ ਇਕ ਤੇਜ਼ ਸਿਨੇਹਾਕਾਰ ਨੂੰ ਘੋੜ-ਸਵਾਰ ਬਣਾ ਕੇ ਗੁਰੂ ਜੀ ਪਾਸ ਭੇਜਿਆ। ਗੁਰੂ ਜੀ ਨੇ ਗੁਲੇਰ ਦੀ ਮਦਦ ਲਈ ਆਪਣੀ ਫੋਜ ਦੇ ਇਕ ਟੁਕੜੀ ਨੂੰ ਤੁਰੰਤ ਭੇਜਿਆ। ਪਹੁੰਚਣ ਤੇ, ਸਿੱਖਾਂ ਨੇ ਪਹਿਲਾਂ ਸਮਝੌਤਾ ਕਰਵਾਉਣ ਦੀ ਕੋਸ਼ਸ਼ ਕੀਤੀ। ਇਸਦੇ ਵਿਪਰੀਤ, ਦਦਵਾਲ ਅਤੇ ਬਿਲਾਸਪੁਰ ਦੇ ਰਾਜਿਆਂ ਨੇ ਮੁਗ਼ਲ ਜਰਨੈਲ ਨੂੰ ਜੰਗ ਕਰਨ ਲਈ ਭੜਕਾਇਆ। ਇਸ ਝਗੜੇ ਨੂੰ ਨਜਿੱਠਣ ਦੀਆ ਕੋਸ਼ਸ਼ਾਂ ਅਸਫ਼ਲ ਹੋ ਗਈਆਂ। ਇਕ ਜ਼ਵਰਦਸਤ ਜੰਗ ਹੋਇਆ ਅਤੇ ਮੁਗ਼ਲ ਜੰਗ ਹਾਰ ਗਏ।

ਬਿਲਾਸਪੁਰ ਦੇ ਰਾਜਾ ਅਜਮੇਰ ਚੰਦ ਨੇ ਮੁਗ਼ਲਾਂ ਦੀ ਤਰਫ਼ੋਂ ਗੁਰੂ ਜੀ ਵਿਰੁਧ ਜੰਗ ਕੀਤੀ। ਹਾਰ ਜਾਣ ਤੇ, ਉਸਨੇ ਗੁਰੂ ਜੀ ਵਿਰੁੱਧ ਲੜਨ ਲਈ ਉਚ-ਪੱਧਰ ਤੇ ਯੋਜਨਾਵਾਂ ਬਨਾਉਣੀਆ ਸ਼ੁਰੂ ਕੀਤੀਆਂ।

***********************

# ੧੩. ਭਾਈ ਨੰਦ ਲਾਲ ਦੀਆਂ ਰਚਨਾਵਾਂ

**੧੬੯੭** *(ਆਯੂ ੩੧ ਸਾਲ)*: ਭਾਈ ਨੰਦ ਲਾਲ ਪ੍ਰਮੁੱਖ ਸਿੱਖਾਂ ਵਿਚੋਂ ਇਕ ਸੀ ਅਤੇ ਸ਼ਾਨਦਾਰ ਕਵੀ ਸੀ ਜੋ ਗੁਰੂ ਜੀ ਦੇ ਦਰਬਾਰ ਵਿਚ ੬੪ ਸਾਲ ਦੀ ਉਮਰ ਵਿਚ ਆਇਆ ਅਤੇ ਬਹੁਤ ਸਾਲ ਗੁਰੂ ਜੀ ਕੋਲ ਰਿਹਾ। *ਸਿੱਖ ਰਹਿਤ ਮਰਯਾਦਾ* (੧੯੪੫, ਚੈਪਟਰ ੧੬) ਭਾਈ ਨੰਦ ਲਾਲ ਦੀਆਂ ਰਚਨਾਵਾਂ ਨੂੰ ਮਾਨਤਾ ਦਿੰਦੀ ਹੈ ਜੋ ਸੰਗਤ ਵਿਚ ਕੀਰਤਨ ਦੇ ਰੂਪ ਵਿਚ ਗਾਏ ਜਾਣ ਦੇ ਯੋਗ ਹੈ। ਕਿਉਂਕਿ ਭਾਈ ਨੰਦ ਲਾਲ ਗੁਰੂ ਜੀ ਨਾਲ ਬਹੁਤ ਨੇੜੇ ਦਾ ਸਬੰਧ ਰਖਦਾ ਸੀ, ਉਸਦੇ ਜੀਵਨ ਦਾ ਸੰਖੇਪ ਇਤਿਹਾਸ ਹੇਠਾਂ ਦਿਤਾ ਗਿਆ ਹੈ।

ਨੰਦ ਲਾਲ ਦਾ ਜਨਮ ਗ਼ਜ਼ਨੀ ਵਿਚ ਹੋਇਆ ਜੋ ਅੱਜ ਕਲ੍ਹ ਈਰਾਨ ਅਤੇ ਅਫ਼ਗ਼ਾਨਿਸਤਾਨ ਦੇ ਹਿੱਸੇ ਦਾ ਖੇਤਰ ਹੈ। ਉਸਦੇ ਪਿਤਾ ਜੀ, ਮੁਨਸ਼ੀ ਛੱਜੂ ਰਾਮ, ਫ਼ਾਰਸੀ ਦਾ ਮਹਾਨ ਵਿਦਵਾਨ ਸੀ ਜੋ ਗ਼ਜ਼ਨੀ ਦੇ ਰਾਜਾ ਕੋਲ ਕੰਮ ਕਰਦਾ ਸੀ। ਨੰਦ ਲਾਲ ਭਰੀ ਜਵਾਨੀ ਦੀ ਉਮਰ ਵਿਚ ਫ਼ਾਰਸੀ ਦਾ ਮਾਹਰ ਬਣ ਗਿਆ। ੧੬੫੪ ਵਿਚ ੨੧ ਸਾਲ ਦੀ ਉਮਰ ਵਿਚ, ਉਸਨੇ ਇਕ ਸਿੱਖ ਲੜਕੀ ਨਾਲ ਸ਼ਾਦੀ ਕਰ ਲਈ। ਉਸਨੇ ਗੁਰਮੁਖੀ ਸਿੱਖ ਲਈ ਅਤੇ ਗੁਰਬਾਣੀ ਦੇ ਕਾਫੀ ਸ਼ਬਦ ਯਾਦ ਕਰ ਲਏ। ਉਸਦੀ ਵਿਦਵਤਾ ਦੇ ਕਾਰਨ, ਮੁਲਤਾਨ ਦੇ ਰਾਜਾ ਨੇ ਉਸਨੂੰ ਇਕ ਮੰਤਰੀ ਵਜੋਂ ਨਿਯੁੱਕਤ ਕਰ ਲਿਆ। ੧੬੭੩ ਵਿਚ, ਔਰੰਗਜ਼ੇਬ ਦੇ ਵੱਡੇ ਪੁੱਤਰ ਸ਼ਹਿਜ਼ਾਦਾ ਮੁਅੱਜ਼ਮ ਨੇ, ਜੋ ਬਾਅਦ ਵਿਚ ਬਾਦਸ਼ਾਹ ਬਹਾਦਰ ਸ਼ਾਹ ਬਣਿਆ, ਉਹ ਮੁਲਤਾਨ ਦੇ ਰਾਜਾ ਕੋਲ ਆਇਆ। ਨੰਦ ਲਾਲ ਵੀ ਉਸ ਸ਼ਹਿਜ਼ਾਦੇ ਨੂੰ ਮਿਲਿਆ।

੧੬੭੫ ਵਿਚ, ਨੰਦ ਲਾਲ ਮੁਲਤਾਨ ਦੀ ਇਕ ਸੰਗਤ ਨਾਲ ਗੁਰੂ ਗੋਬਿੰਦ ਰਾਏ ਕੋਲ ਆਨੰਦਪੁਰ ਆਏ। ਇਸ ਦੌਰੇ ਤੋਂ ਬਾਅਦ ਉਹ ਵਾਪਸ ਮੁਲਤਾਨ ਚਲਾ ਗਿਆ।

ਔਰੰਗਜ਼ੇਬ ਨੇ ੧੬੭੬ ਵਿਚ ਸ਼ਹਿਜ਼ਾਦਾ ਮੁਅੱਜ਼ਮ ਨੂੰ ਅਫ਼ਗ਼ਾਸਿਤਾਨ ਦਾ ਗਵਰਨਰ ਨਿਯੁੱਕਤ ਕਰ ਦਿਤਾ। ਮੁਲਤਾਨ ਦੇ ਰਾਜਾ ਦੀ ਸਹਿਮਤੀ ਨਾਲ, ਸ਼ਹਿਜ਼ਾਦਾ ਨੇ ਨੰਦ ਲਾਲ ਨੂੰ ਆਪਣਾ ਮੁੱਖ ਮੁਨਸ਼ੀ ਨਿਯੁੱਕਤ ਕਰ ਲਿਆ। ੧੬੭੯ ਵਿਚ, ਆਗਰਾ ਵਿਚ ਔਰੰਗਜ਼ੇਬ ਦੇ ਸ਼ਾਹੀ ਦਰਬਾਰ ਵਿਚ ਕੁਰਾਨ ਦੀ ਇਕ ਹਦਾਇਤ ਤੇ ਵਾਦ-ਵਿਚਾਰ ਹੋਇਆ। ਔਰੰਗਜ਼ੇਬ ਕਿਸੀ ਵੀ ਵਿਆਖਿਆ ਨਾਲ ਪੂਰੀ ਤਰ੍ਹਾਂ ਸੰਤੁਸ਼ਟ ਨ ਹੋਇਆ। ਸ਼ਹਿਜ਼ਾਦਾ ਮੁਅੱਜ਼ਮ ਵੀ ਦਰਬਾਰ ਵਿਚ ਹਾਜ਼ਰ ਸੀ। ਜਦੋਂ ਸ਼ਹਿਜ਼ਾਦਾ ਆਪਣੇ ਨਿਵਾਸ ਸਥਾਨ ਤੇ ਵਾਪਸ ਪਰਤਿਆ, ਉਸਨੇ ਨੰਦ ਲਾਲ ਵਿਚਾਰ ਕੀਤੀ। ਉਸਨੂੰ ਨੰਦ ਲਾਲ ਦੀ ਕੀਤੀ ਵਿਆਖਿਆ ਪਸੰਦ ਆਈ। ਅਗਲੇ ਹੀ ਦਿਨ ਦਰਬਾਰ ਵਿਚ, ਸ਼ਹਿਜ਼ਾਦਾ ਨੇ ਉਸ ਵਿਆਖਿਆ ਦੀ ਸਾਰਿਆਂ ਨਾਲ ਸਾਂਝ ਕੀਤੀ। ਔਰੰਗਜ਼ੇਬ ਬਹੁਤ ਪ੍ਰਭਾਵਤ ਹੋਇਆ। ਪਤਾ ਕਰਨ ਤੇ, ਉਸਨੂੰ ਪਤਾ ਚਲਿਆ ਕਿ ਇਹ ਵਿਆਖਿਆ ਕਰਨ ਵਾਲਾ ਵਿਅੱਕਤੀ ਗੈਰ-ਮੁਸਲਿਮ ਹੈ। ਔਰੰਗਜ਼ੇਬ ਨੇ ਇਸ਼ਾਰਾ ਕੀਤਾ ਕਿ ਅਜਿਹੇ ਗੁਣਵਾਨ ਵਿਅੱਕਤੀ ਨੂੰ ਮੁਸਲਿਮ ਮਜ਼ਹਬ ਅਧੀਨ ਲਿਆਂਦਾ ਜਾਵੇ। ਇਸ ਤੋਂ ਪਹਿਲਾਂ ਕਿ ਔਰੰਗਜ਼ੇਬ ਆਪਣੀ ਇੱਛਾ ਪੂਰੀ ਕਰ ਸਕਦਾ, ਇਕ ਬਗ਼ਾਵਤ ਨੂੰ ਕੁਚਲਣ ਲਈ ਉਸਨੂੰ ਮੁਲਤਾਨ ਜਾਣਾ ਪਿਆ। ਜਦੋਂ ਨੰਦ ਲਾਲ ਨੂੰ ਅਜਿਹੀ ਸੰਭਾਵੀ ਯੋਜਨਾ ਬਾਰੇ ਪਤਾ ਚਲਿਆ, ਤਾਂ ਉਸਨੇ ਸ਼ਾਹੀ ਦਰਬਾਰ ਛੱਡ ਦਿਤਾ ਅਤੇ ਵਾਪਸ ਮੁਲਤਾਨ ਚਲਾ ਗਿਆ।

੧੬੯੭ ਵਿਚ ੬੪ ਸਾਲ ਦੀ ਉਮਰ ਵਿਚ, ਭਾਈ ਨੰਦ ਲਾਲ ਆਨੰਦਪੁਰ ਚਲਾ ਗਿਆ ਅਤੇ ਗੁਰੂ ਗੋਬਿੰਦ ਰਾਏ ਦੀ ਸੰਗਤ ਵਿਚ ਰਿਹਾ। ਰੋਜ਼ਾਨਾ ਆਦਾਨ-ਪਰਦਾਨ ਨਾਲ, ਦੋਨਾਂ ਦਾ ਆਪਸ ਵਿਚ ਸਨੇਹ ਬਣ ਗਿਆ। ੧੭੦੪ ਵਿਚ, ਜਦੋਂ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨੇ ਆਨੰਦਪੁਰ ਤੇ ਹਮਲਾ ਕਰਨ ਦਾ ਫੈਸਲਾ ਕੀਤਾ, ਤਾਂ ਗੁਰੂ ਜੀ ਨੇ ਪਰਵਾਰਾਂ, ਕਵੀਆਂ ਅਤੇ ਬਜ਼ੁਰਗਾਂ ਨੂੰ ਕਿਹਾ ਕਿ ਉਹ ਆਨੰਦਪੁਰ ਸ਼ਹਿਰ

ਖਾਲੀ ਕਰ ਦੇਣ। ਭਾਈ ਨੰਦ ਲਾਲ ਨੇ ੭੧ ਸਾਲ ਦੀ ਉਮਰ ਵਿਚ ਗੁਰੂ ਜੀ ਦੇ ਕਹਿਣ ਤੇ ਆਨੰਦਪੁਰ ਛੱਡ ਦਿਤਾ। ਉਹ ਵਾਪਸ ਮੁਲਤਾਨ ਆ ਗਿਆ ਜਿਥੇ ੭੨ ਸਾਲ ਦੀ ਉਮਰ ਵੇਲੇ ੧੭੦੫ ਵਿਚ ਉਸਦਾ ਦੇਹਾਂਤ ਹੋ ਗਿਆ।

ਭਾਈ ਨੰਦ ਲਾਲ ਦੇ ਮਹੱਤਵ-ਪੂਰਣ ਲਿਖਤੀ ਕੰਮ ਜੋ ਗੁਰੂ ਗੋਬਿੰਦ ਸਿੰਘ ਜੀ ਦੀ, 'ਵਾਹਿਗੁਰੂ' ਦੀ ਅਤੇ ਸਿੱਖੀ-ਨਿਯਮਾਂ ਦੀ ਪ੍ਰਸੰਸਾ ਕਰਦੇ ਹਨ: ਦੀਵਾਨੇ-ਗੋਯਾ (੬੩ ਗ਼ਜ਼ਲਾਂ), ਜ਼ਿੰਦਗੀ ਨਾਮਾ (ਜੀਵਨ ਦੀ ਪੁਸਤਕ), ਗੰਜ ਨਾਮਾ (ਖ਼ਜ਼ਾਨਾ ਪੁਸਤਕ), ਤੁਸੀਨੇ ਸਾਨਾ (ਵਾਰਤਕ), ਜੋਤ ਬਿਕਾਸ ਪੰਜਾਬੀ (੪੩ ਦੋਹਿਰੇ), ਜੋਤ ਬਿਕਾਸ ਫ਼ਾਰਸੀ (੧੭੫ ਦੋਹਿਰੇ), ਅਰਜ਼ੁਲ ਅਲਫ਼ਾਜ਼ (ਕਾਵਿ-ਰੂਪ), ਮਜਮਾ ਅਨਵਰ, ਖਾਤਮਾ, ਦਾਤੁਰ-ਉਲ-ਨਿਮਾ (ਲਿਖਤੀ ਪੱਤਰ) ਅਤੇ ਇਨਸ਼ਾ ਦਸਤੂਰ ਹਨ।

******************

# ੧੪. ਮਸੰਦ ਪਰਣਾਲੀ ਦਾ ਖਾਤਮਾ

**੧੬੯੮** *(ਆਯੂ ੩੨ ਸਾਲ)*: ਗੁਰੂ ਗੋਬਿੰਦ ਰਾਏ ਜੀ ਦੇ ਸਮੇਂ, ਸਿੱਖ ਮਿਸ਼ਨ ਸਾਰੇ ਮਹਾਂਦੀਪ ਵਿਚ ਫੈਲ ਗਿਆ ਸੀ। ਮਸੰਦ ਦੂਰ ਦੂਰ ਰਹਿੰਦੀਆਂ ਸਿੱਖ ਸੰਗਤਾਂ ਦੀਆਂ ਲੋੜਾ ਦੀ ਪੂਰਤੀ ਕਰਦੀਆ ਸਨ।

ਗੁਰੂ ਨਾਨਕ ਜੀ ਨੇ "ਸੰਗਤ" ਦੀ ਭਾਵਨਾ (ਔਰਤ ਅਤੇ ਮਰਦਾਂ ਦਾ ਧਾਰਮਿਕ ਤੌਰ ਤੇ ਮਿਲਣਾ) ਅਤੇ ਧਰਮਸਾਲ (ਧਾਰਮਿਕ ਪੂਜਾ ਦੇ ਸ਼ਥਾਨ) ਸ਼ੁਰੂ ਕੀਤੇ। ਗੁਰੂ ਅਮਰਦਾਸ ਜੀ ਨੇ ਮੰਜੀਆ ਅਤੇ ਪੀਹੜੀਆਂ ਨੂੰ ਕਾਇਮ ਕੀਤਾ ਅਤੇ ਗੁਰੂ ਰਾਮਦਾਸ ਜੀ ਨੇ ਮਸੰਦ ਪਰਣਾਲੀ ਦੀ ਸਥਾਪਨਾ ਕੀਤੀ। ਇਸ ਸੰਸਥਾ ਦਾ ਮੰਤਵ ਇਕ ਚੰਗੀ ਪਰਣਾਲੀ ਰਾਹੀਂ ਸਿੱਖ ਬਰਾਦਰੀ ਦੀ ਸੇਵਾ ਕਰਨਾ ਸੀ। ਉਚ ਚਰਿਤਰ ਵਾਲੇ ਸਿੱਖਾਂ ਨੂੰ ਮਸੰਦ ਵਜੋਂ ਨਿਯੁੱਕਤ ਕੀਤਾ ਜਾਂਦਾ ਸੀ ਅਤੇ ਜ਼ਿੰਮੇਵਾਰੀ ਸੌਂਪੀ ਜਾਂਦੀ ਸੀ। ਸਿੱਖਾਂ ਦਾ ਮਿਸ਼ਨਰੀ, ਸਮਾਜਕ ਅਤੇ ਦਸਵੰਧ ਕਢਣ ਦਾ ਕ੍ਰਮ ਕਈ ਸਾਲਾ ਤੱਕ ਠੀਕ ਚਲਦਾ ਰਿਹਾ। ਦੂਰ ਤੋਂ ਦਿਤੇ ਚੜ੍ਹਾਵੇ ਗੁਰੂ ਜੀ ਦੇ ਭਾਈਚਾਰਾ ਖਜ਼ਾਨੇ ਵਿਚ ਪਹੁੰਚਣ ਲੱਗੇ ਅਤੇ ਇਹ ਮਾਇਆ ਗਰੀਬ ਅਤੇ ਜ਼ਰੂਰਤਮੰਦ ਲੋਕਾਂ ਲਈ ਵਰਤੀ ਜਾਣ ਲਗੀ।

ਚੌਥੇ ਤੋਂ ਸਤਵੇਂ ਨਾਨਕ ਤੱਕ, ਮਸੰਦਾਂ ਦੀ ਇਸ ਸੰਸਥਾ ਨੇ ਇਕ ਮਹੱਤਵਪੂਰਣ ਅਤੇ ਸਕਾਰਾਤਮਿਕ ਕੰਮ ਕੀਤਾ। ਇਸ ਮਸੰਦ ਪ੍ਰਣਾਲੀ ਨੂੰ ਮਾਪਿਆਂ ਤੋਂ ਬਚਿਆਂ ਦੇ ਪੱਧਰ ਵਿਚ ਲਿਆਂਦਾ ਗਿਆ। ਮਸੰਦਾਂ ਦੀਆਂ ਅਗਲੀਆਂ ਦੋ ਪੀਹੜੀਆਂ ਬਹੁਤ ਈਮਾਨਦਾਰ ਅਤੇ ਸੁਹਿਰਦ ਸਨ। ਸਤਵੇਂ ਨਾਨਕ, ਗੁਰੂ ਹਰਿ ਰਾਏ ਜੀ ਅਤੇ ਅਠਵੇਂ ਨਾਨਕ ਗੁਰੂ ਹਰਿ ਕ੍ਰਿਸ਼ਨ ਜੀ ਛੋਟੀ ਉਮਰ ਵਿਚ ਹੀ ਜੋਤੀ-ਜੋਤ ਸਮਾਏ। ਨੌਵੇਂ ਗੁਰੂ, ਗੁਰੂ ਤੇਗ਼ ਬਹਾਦਰ ਜੀ ਬਹੁਤਾ ਕਰਕੇ ਭਾਰਤ ਦੇ ਪੂਰਬੀ ਭਾਗ ਵਿਚ ਰਹੇ। ਮਸੰਦਾਂ ਦੇ ਤੀਸਰੀ ਪੀਹੜੀ ਦੇ ਕੁਝ ਵਿਅਕਤੀਆਂ ਨੂੰ ਸਿੱਖ ਕਦਰਾਂ-ਕੀਮਤਾਂ ਅਤੇ ਸਿੱਖ ਫਲਸਫੇ ਦਾ ਕੋਈ ਖਾਸ ਗਿਆਨ ਨਹੀਂ ਸੀ, ਅਤੇ ਉਹਨਾਂ ਨੇ ਸਿੱਖ ਰਸਤੇ ਤੋਂ ਭਟਕਨਾਂ ਸ਼ੁਰੂ ਕਰ ਦਿਤਾ।

ਮਾਰਚ ੧੬੯੮ ਵਿਚ, ਗੁਰੁ ਗੋਬਿੰਦ ਰਾਏ ਜੀ ਹੋਲਾ ਮਹੱਲਾ ਦੇ ਉਤਸਵ ਸਮੇਂ ਇਕ ਹਸਾਉਣਾ ਸਾਂਗ ਦੇਖ ਰਹੇ ਸਨ। ਇਕ ਐਕਟ ਵਿਚ ਇਕ ਮਸੰਦ ਨੂੰ ਭ੍ਰਿਸ਼ਟ, ਔਰਤਬਾਜ ਅਤੇ ਸਿਰਫਿਰਾ ਦਿਖਾਇਆ ਗਿਆ। ਗੁਰੂ ਜੀ ਨੇ ਪੁਛ ਗਿੱਛ ਕੀਤੀ ਕਿ ਕੀ ਇਹ ਸੱਚ ਸੀ। ਗੁਰੂ ਜੀ ਨੂੰ ਪਤਾ ਚਲਿਆ ਕਿ ਕੁਝ ਮਸੰਦ ਇਸ ਬਿਰਤਾਂਤ ਦੇ ਅਨੁਕੂਲ ਸਨ। ਇਹ ਸਭ ਕੁਝ ਜਾਨਣ ਤੇ, ਗੁਰੂ ਜੀ ਨੇ ਭਾਈ ਮਨੀ ਰਾਮ ਨੂੰ ਹਦਾਇਤ ਕੀਤੀ ਕਿ ਸਾਰੇ ਮਸੰਦਾਂ ਨੂੰ ਆਨੰਦਪੁਰ ਬੁਲਾਇਆ ਜਾਏ।

ਜਦੋਂ ਮਸੰਦ ਪਹੁੰਚੇ, ਗੁਰੂ ਜੀ ਨੇ ਉਹਨਾਂ ਦੇ ਵਿਸ਼ਵਾਸ ਦਾ ਨਿਰੀਖਣ ਕੀਤਾ। ਚੰਗਿਆਂ ਨੂੰ ਸਿਰੋਪਿਆਂ ਨਾਲ ਆਸ਼ੀਰਵਾਦ ਮਿਲੇ। ਚਰਿਤ੍ਰਹੀਨ ਮਸੰਦਾਂ ਨੂੰ ਸਜ਼ਾ ਦਿਤੀ ਗਈ। ਗੁਰੂ ਜੀ ਨੇ ਮਸੰਦ ਪਰਣਾਲੀ ਨੂੰ ਖਤਮ ਕਰਨ ਦਾ ਐਲਾਨ ਕਰ ਦਿਤਾ। ਗੁਰੂ ਜੀ ਨੇ ਸਿੱਖਾਂ ਨੂੰ ਹਦਾਇਤ ਕੀਤੀ ਕਿ ਉਹ ਆਨੰਦਪੁਰ ਨਿੱਜੀ ਤੌਰ ਤੇ ਚੜ੍ਹਾਵਾ ਲੈ ਕੇ ਆਉਣ। ਗੁਰੂ ਜੀ ਨੇ ਇਸਤਰ੍ਹਾਂ ਸਿੱਖਾਂ ਨਾਲ ਸਿੱਧਾ ਸਬੰਧ ਬਣਾਇਆ ਅਤੇ ਉਹਨਾਂ ਨੂੰ ਆਪਣਾ ਖਾਲਸਾ ਕਿਹਾ। ਗੁਰੂ ਜੀ ਨੇ ਫ਼ਾਰਸੀ ਦਾ ਮੂਲ ਸ਼ਬਦ "ਖਾਲਸ" ਚੁਣਿਆਂ ਅਤੇ ਕਿਹਾ ਕਿ ਹੁਣ ਤੋਂ ਸਿੱਖ ਦਾ ਗੁਰੂ ਨਾਲ ਸਿੱਧਾ ਸਨਬੰਧ ਹੋਵੇਗਾ ਕੋਈ ਵਿਚੋਲਾ ਨਹੀਂ ਹੋਵੇਗਾ।

**********************

# ੧੫. ਪੰਜ ਪਿਆਰੇ

**੧੬੯੯** *(ਆਯੂ ੩੩ ਸਾਲ)*: ਬੀਤੇ ਕੁਝ ਸਾਲਾਂ ਦੇ ਤਜਰਬੇ ਨਾਲ ਗੁਰੂ ਜੀ ਨੇ ਜਾਣ ਲਿਆ ਕਿ ਪੰਥ ਨੂੰ ਉਚ ਚਰਿਤਰ ਵਾਲੇ, ਵਾਹਿਗੁਰੂ ਨੂੰ ਪਿਆਰ ਕਰਨ ਵਾਲੇ ਅਤੇ ਵੀਰ ਰੰਗ ਵਿਚ ਭਿੱਜੇ ਹੋਇਆ ਦੀ ਲੋੜ ਹੈ। ਉਹ ਦਇਆਵਾਨ ਹੋਣ ਪਰ ਫਿਰ ਵੀ ਹਥਿਆਰ ਚੁਕਣ ਲਈ ਤਿਆਰ ਹੋਣ ਅਤੇ ਬਰਾਦਰੀ ਅਤੇ ਕੌਮ ਦੀ ਸੁਰੱਖਿਅਤਾ, ਇਜ਼ਤ-ਮਾਣ ਅਤੇ ਬੇਹਤਰੀ ਲਈ ਕੁਰਬਾਨੀ ਕਰਨ ਵਾਸਤੇ ਤਿਆਰ ਹੋਣ।

ਜ਼ੁਲਮੀ ਮੁਗ਼ਲ ਰਾਜਿਆਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦੇਣ ਲਈ ਗੁਰੂ ਜੀ ਦ੍ਰਿੜ ਸਨ। ਦੱਬੇ ਕੁਚਲੇ ਇਨਸਾਨਾਂ ਨੂੰ ਬਚਾਉਣ ਦਾ ਇਹੋ ਇਕ ਰਸਤਾ ਸੀ। ਗੁਰੂ ਜੀ ਇਕ ਵਿਸ਼ੇਸ ਫੌਜ ਤਿਆਰ ਕਰਨਾ ਚਾਹੁੰਦੇ ਸਨ ਜੋ ਆਮ ਜਨਤਾ ਵਿਚ ਦੂਰੋਂ ਦਿਖਾਈ ਦੇਵੇ ਅਤੇ ਜਿਹਨਾਂ ਵਿੱਚ ਪ੍ਰਮਾਤਮਾਂ ਅਤੇ ਦੇਸ਼ ਲਈ ਪਿਆਰ ਝਲਕਦਾ ਹੋਵੇ। ਲਾਲਚ, ਦਰਿਦਰਤਾ, ਸਵੈ-ਸਮਰਪਤਾ ਦੀ ਬਜਾਏ ਗੁਰੂ ਜੀ ਉਹਨਾਂ ਵਿਚ ਬਹਾਦਰੀ, ਕੁਰਬਾਨੀ, ਪਿਆਰ ਅਤੇ ਲੋਕਾਂ ਪ੍ਰਤੀ ਸੇਵਾ ਦੀ ਭਾਵਨਾ ਭਰਨਾ ਚਾਹੁੰਦੇ ਸਨ। ਓਹ ਜਾਤ ਪਾਤ ਦੇ ਵਖਰੇਵੇਂ ਤੇ ਕਾਬੂ ਪਾਉਣ ਅਤੇ ਮਿਲਕੇ ਰਹਿਣ। ੧੬੯੯ ਦੀ ਵਸਾਖੀ ਇਸਦੀ ਅੰਤਮ ਝਾਕੀ ਸੀ।

੧੬੯੯ ਦੇ ਸ਼ੁਰੂ ਵਿਚ, ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਸੱਦਾ ਪੱਤਰ ਭੇਜੇ। ਉਹਨਾਂ ਨੂੰ ਇਕ ਵਿਸ਼ੇਸ ਇਕੱਠ ਵਿਚ ਹਾਜ਼ਰ ਹੋਣ ਲਈ ਕਿਹਾ ਗਿਆ, ਜਿਸਨੂੰ "ਸਰਬੱਤ ਖਾਲਸਾ" ਕਿਹਾ ਜਾਂਦਾ ਹੈ। ਇਹ ਇਕੱਠ ਵਸਾਖੀ ਦੇ ਦਿਨ ਨੂੰ ਹੋਣਾ ਸੀ। ਲਗ ਭਗ ੨੦,੦੦੦ ਸਿੱਖ ਆਨੰਦਪੁਰ ਪਹੁੰਚੇ। ਉਹ ਖੇਤਰ ਦੇ ਹਰ ਕੋਨੇ ਵਿਚੋਂ ਆਏ ਸਨ। ਗੁਰੂ ਜੀ ਨੇ ਇਕ ਉਚੇ ਮੰਚ ਉਪਰ ਦਰੀਆ ਵਿਛਾਉਣ ਦਾ ਹੁਕਮ ਕੀਤਾ। ਨੇੜੇ ਹੀ ਇਕ ਖੁਬਸੂਰਤ ਤੰਬੂ ਲਗਾਇਆ ਗਿਆ। ਇਸ ਸਥਾਨ ਤੇ ਹੁਣ ਕੇਸਗੜ੍ਹ ਨਾਮੀ ਗੁਰਦੁਆਰਾ ਸੁਸ਼ੋਭਤ ਹੈ।

ਵਸਾਖੀ ਤੋਂ ਇਕ ਦਿਨ ਪਹਿਲਾਂ, ਖੁਲ੍ਹੇ ਮੈਦਾਨ ਵਿਚ ਵੱਡਾ ਇਕੱਠ ਹੋਇਆ। ਜਦੋਂ ਹੀ ਸਵੇਰ ਦੀਆਂ ਪ੍ਰਾਰਥਨਾਵਾਂ ਸੰਪੂਰਨ ਹੋਈਆਂ, ਗੁਰੂ ਜੀ ਇਕ ਨਾਲ ਲਗਦੇ ਤੰਬੂ ਵਿਚ ਗਏ ਅਤੇ ਕੁਝ ਦੇਰ ਉਥੇ ਹੀ ਰਹੇ। ਇਕੱਠੇ ਹੋਏ ਸਿੱਖ ਉਤਸੁਕ ਹੋ ਗਏ ਅਤੇ ਹੈਰਾਨ ਸਨ ਕਿ ਤੰਬੂ ਦੇ ਅੰਦਰ ਕੀ ਹੋ ਰਿਹਾ ਸੀ। ਆਖਰਕਾਰ, ਜਦ ਗੁਰੂ ਜੀ ਬਾਹਰ ਆਏ, ਤਾਂ ਉਹ ਬਹੁਤ ਵੱਖਰੇ ਹੀ ਦਿਖਾਈ ਦੇ ਰਹੇ ਸਨ। ਅੱਖਾਂ ਅਗਨੀ ਦੀ ਤਰ੍ਹਾਂ ਚਮਕ ਰਹੀਆਂ ਸਨ। ਗੁਰੂ ਜੀ ਦੀ ਨੰਗੀ ਤਲਵਾਰ ਚੰਦ੍ਰਮਾਂ ਦੀ ਰੌਸ਼ਨੀ ਦੀ ਤਰ੍ਹਾਂ ਚਮਕ ਰਹੀ ਸੀ ਜੋ ਗੁਰੂ ਜੀ ਨੇ ਉਪਰ ਉਠੇ ਹੱਥ ਵਿਚ ਘੁੰਮ ਰਹੀ ਸੀ। ਗੁਰੂ ਜੀ ਇਕ ਦ੍ਰਿੜ ਇਰਾਦੇ ਵਾਲੇ ਯੋਧਾ ਨਜ਼ਰ ਆ ਰਹੇ ਸਨ ਜਿਸ ਨੇ ਹੁਣੇ ਹੀ ਜੰਗ ਦੇ ਮੈਦਾਨ ਵਿਚ ਦਾਖਲ ਹੋਣਾ ਹੋਵੇ। ਇਕ ਕੜਕਵੀਂ ਆਵਾਜ਼ ਵਿਚ ਗੁਰੂ ਜੀ ਨੇ ਇਕ ਸਿੱਖ ਦਾ ਸਿਰ ਮੰਗਿਆ। ਉਹਨਾਂ ਨੇ ਪੁਛਿਆ ਕਿ ਕੀ ਕੋਈ ਆਪਣੇ ਧਰਮ ਅਤੇ ਦੇਸ਼ ਲਈ ਆਪਣੀ ਜ਼ਿੰਦਗੀ ਕੁਰਬਾਨ ਕਰਨ ਲਈ ਤਿਆਰ ਸੀ।

ਇਸ ਅਨੋਖੀ ਮੰਗ ਨੂੰ ਸੁਣ ਕੇ ਹਰ ਕੋਈ ਡਰ ਗਿਆ। ਇਸ ਗਰਜਵੀਂ ਆਵਾਜ਼ ਲਈ ਕਿਧਰੋਂ ਵੀ ਕੋਈ ਜੁਆਬ ਨਾ ਆਇਆ। ਗੁਰੂ ਜੀ ਨੇ ਆਪਣੇ ਸ਼ਬਦ ਦੁਹਰਾਏ। ਫਿਰ ਵੀ, ਕੋਈ ਜੁਆਬ ਨਾ ਆਇਆ। ਗੁਰੂ ਜੀ ਤੀਜੀ ਵਾਰ ਗਰਜੇ ਕਿ ਗੁਰੂ ਵਿਚ ਵਿਸ਼ਵਾਸ ਦੇ ਸਬੂਤ ਵਜੋਂ ਕੀ ਕੋਈ ਆਪਣਾ ਸਿਰ ਪੇਸ਼ ਕਰੇ। ਆਖਰਕਾਰ, ਲਾਹੌਰ ਦਾ ਇਕ ਖੱਤਰੀ ਦਇਆ ਰਾਮ ਉਠਿਆ ਅਤੇ ਆਪਣਾ ਸਿਰ ਦੇਣ ਪੇਸ਼ ਕੀਤਾ।

ਗੁਰੂ ਜੀ ਉਸਨੂੰ ਬਾਂਹ ਤੋਂ ਪਕੜ ਤੰਬੂ ਦੇ ਅੰਦਰ ਲੈ ਗਏ। ਕਿਹਾ ਜਾਂਦਾ ਹੈ ਕਿ ਸਿੱਖਾਂ ਨੇ ਇਕ ਤੇਜ਼ੀ ਨਾਲ ਘੁੰਮਦੀ ਤਲਵਾਰ ਦੀ ਆਵਾਜ਼ ਸੁਣੀ। ਉਹਨਾਂ ਨੇ ਇਕ ਅਜਿਹੀ ਆਵਾਜ਼ ਵੀ ਸੁਣੀ ਜਿਵੇਂ ਕੋਈ ਸਰੀਰ ਜ਼ਮੀਨ ਤੇ ਡਿੱਗਾ ਹੋਵੇ। ਫਿਰ ਉਹਨਾਂ ਖੁਨ ਦੀ ਇਕ ਧਾਰ ਬਾਹਰ ਆਉਂਦੀ ਦੇਖੀ।

ਜਦ ਗੁਰੂ ਜੀ ਦੂਜੀ ਵਾਰ ਤੰਬੂ ਤੋਂ ਬਾਹਰ ਆਏ ਤਾਂ ਉਹਨਾਂ ਨੇ ਦੂਜੀ ਵਾਰ ਉਚੀ ਗਰਜਦੀ ਆਵਾਜ਼ ਵਿਚ ਇਕ ਹੋਰ ਸਿਰ ਮੰਗਿਆ। ਉਹਨਾਂ ਦਾ ਚੇਹਰਾ ਪਹਿਲਾਂ ਨਾਲੋਂ ਜ਼ਿਆਦਾ ਲਾਲ ਸੀ ਅਤੇ ਅੱਖਾਂ ਵੀ ਲਹੂ ਵਾਂਗੂੰ ਲਾਲ ਸਨ। ਉਥੇ ਇਕੱਠੇ ਹੋਏ ਸਿੱਖਾਂ ਨੇ ਮੰਨ ਲਿਆ ਕਿ ਭਾਈ ਦਇਆ ਰਾਮ ਦੀ ਕੁਰਬਾਨੀ ਹੋ ਗਈ ਸੀ। ਸਾਰੇ ਪਾਸੇ ਮਾਰੂ ਚੁੱਪ ਛਾ ਗਈ ਜਦ ਕਿ ਗੁਰੂ ਜੀ ਨੇ ਫਿਰ ਆਪਣੀ ਮੰਗ ਨੂੰ ਦੁਹਰਾਇਆ। ਫਿਰ ਕੋਈ ਜੁਆਬ ਨਾ ਆਇਆ। ਗੁਰੂ ਜੀ ਨੇ ਤੀਜੀ ਵਾਰ ਆਵਾਜ਼ ਦਿਤੀ। ਤੀਜੀ ਆਵਾਜ਼ ਦੇਣ ਤੇ, ਹਸਤਨਾਪੁਰ (ਦਿੱਲੀ) ਦਾ ਇਕ ਜੱਟ ਸਿੱਖ – ਭਾਈ ਧਰਮ ਦਾਸ – ਖੜਾ ਹੋ ਗਿਆ ਅਤੇ ਆਪਣਾ ਸਿਰ ਪੇਸ਼ ਕੀਤਾ।

ਗੁਰੂ ਜੀ ਨੇ ਉਸਨੂੰ ਵੀ ਬਾਂਹ ਤੋਂ ਪਕੜਿਆ ਅਤੇ ਤੰਬੂ ਦੇ ਅੰਦਰ ਲੈ ਗਏ। ਉਹੋ ਆਵਾਜ਼ ਫਿਰ ਸੁਣੀ ਗਈ ਕਹੀ ਜਾਂਦੀ ਹੈ ਅਤੇ ਲਗਿਆ ਕਿ ਕੋਈ ਸਰੀਰ ਜ਼ਮੀਨ ਤੇ ਡਿਗਿਆ ਹੈ। ਪਹਿਲਾਂ ਦੀ ਤਰ੍ਹਾਂ ਹੀ, ਤਾਜ਼ਾ ਖੂਨ ਦੀ ਧਾਰ ਤੰਬੂ ਵਿਚੋਂ ਬਾਹਰ ਵਗਦੀ ਦਿਖਾਈ ਦਿੱਤੀ। ਇਕੱਠੇ ਹੋਏ ਸਾਰੇ ਸਿੱਖ ਡਰ ਨਾਲ ਭਰ ਗਏ, ਅਤੇ ਉਹਨਾਂ ਵਿਚੋਂ ਬਹੁਤੇ ਜਾਨਾਂ ਬਚਾ ਕੇ ਦੌੜ ਗਏ।

ਆਪਣੇ ਸਿਰ ਉਤੋਂ ਤਲਵਾਰ ਘੁਮਾਉਂਦਿਆਂ ਗੁਰੂ ਜੀ ਨੇ ਤਿੰਨ ਹੋਰ ਸਿਰਾਂ ਲਈ ਆਵਾਜ਼ ਦੁਹਰਾਈ। ਹਰ ਸਮੇਂ ਉਹ ਪਹਿਲਾਂ ਨਾਲੋਂ ਵਧੇਰੇ ਜੋਸ਼ੀਲੇ ਦਿਖਾਈ ਦਿਤੇ। ਉਹਨਾਂ ਦਾ ਚੇਹਰਾ ਅਤੇ ਅੱਖਾਂ ਵਧੇਰੇ ਲਾਲ ਸਨ। ਹਰ ਵਕਤ, ਵਧੇਰੇ ਸਿੱਖ ਉਥੋਂ ਖਿਸਕ ਗਏ। ਭੀੜ ਘਟ ਗਈ। ਕੁਝ ਲੋਕ ਗੁਰੂ ਜੀ ਦੀ ਮਾਤਾ, ਮਾਤਾ ਗੂਜਰੀ ਜੀ ਕੋਲ ਗਏ ਅਤੇ ਕਿਹਾ ਕਿ ਗੁਰੂ ਜੀ ਪਾਗ਼ਲ ਹੋ ਗਏ ਹਨ। ਉਹ ਆਪਣੇ ਸਿੱਖਾਂ ਦਾ ਕਤਲ ਕਰ ਰਹੇ ਸਨ ਅਤੇ ਉਹਨਾਂ ਨੂੰ ਗੁਰਗੱਦੀ ਤੋਂ ਹਟਾਇਆ ਜਾਵੇ। ਉਹਨਾਂ ਸਿੱਖਾਂ ਨੇ ਮਾਤਾ ਜੀ ਪ੍ਰਤੀ ਬੇਨਤੀ ਕੀਤੀ ਕਿ ਉਹ ਆਪਣੇ ਪੋਤੇ ਨੂੰ ਗੁਰੂ ਬਨਾ ਦੇਣ। ਮਾਤਾ ਜੀ ਨੇ ਇਕ ਸਿਨੇਹਾਕਾਰ ਨੂੰ ਗੁਰੂ ਜੀ ਕੋਲ ਭੇਜਿਆ ਜਦ ਕਿ ਗੁਰੂ ਕਿਸੇ ਨੂੰ ਵੀ ਸੁਨਣ ਲਈ ਤਿਆਰ ਨਹੀਂ ਸਨ।

ਤਿੰਨ ਹੋਰ ਸਿੱਖਾਂ ਨੇ ਆਪਣੇ ਸਿਰ ਗੁਰੂ ਜੀ ਨੂੰ ਪੇਸ਼ ਕੀਤੇ। ਕੁਲ ਪੰਜ ਸਿੱਖਾਂ ਨੇ ਉਸ ਦਿਨ ਸਿਰ ਪੇਸ਼ ਕੀਤੇ।

ਦਇਆ ਰਾਮ, ਲਾਹੌਰ ਦਾ ਇਕ ਸੋਬਤੀ ਖੱਤਰੀ।
ਧਰਮ ਦਾਸ, ਹਸਤਨਾਪੁਰ (ਦਿੱਲੀ) ਤੋਂ ਇਕ ਜੱਟ।
ਹਿੰਮਤ ਰਾਏ, ਜਗਨ ਨਾਥ ਪੁਰੀ ਤੋਂ ਇਕ ਝੀਂਵਰ।
ਮੋਹਕਮ ਚੰਦ, ਦਵਾਰਕਾ ਤੋਂ ਇਕ ਧੋਬੀ। ਅਤੇ
ਸਾਹਿਬ ਚੰਦ, ਬਿਦਰ (ਕਰਨਾਟਕਾ) ਤੋਂ ਇਕ ਨਾਈ। .

ਪੰਜਵੀਂ ਆਵਾਜ਼ ਤੋਂ ਬਾਅਦ, ਗੁਰੂ ਜੀ ਤੰਬੂ ਵਿਚ ਹੀ ਕੁਝ ਜ਼ਿਆਦਾ ਦੇਰ ਰਹੇ। ਅੰਤ ਵਿਚ, ਗੁਰੂ ਜੀ ਕੇਸਰੀ ਰੰਗ ਦੇ ਚਮਕੀਲੇ ਕਪੜੇ ਪਹਿਨ ਕੇ ਬਾਹਰ ਆਏ। ਉਹਨਾਂ ਦੀ ਤਲਵਾਰ ਮਿਆਨ ਦੇ ਅੰਦਰ ਸੀ। ਉਹਨਾਂ ਦਾ ਚੇਹਰਾ ਖੁਸ਼ੀ ਅਤੇ ਸੰਤੁਸ਼ਟੀ ਵਿਚ ਚਮਕ ਰਿਹਾ ਸੀ। ਗੁਰੂ ਜੀ ਦੇ ਪਿਛੇ ਗੁਰੂ ਜੀ ਵਾਂਗੂੰ ਪੁਸ਼ਾਕਾਂ ਪਹਿਨੇ ਪੰਜ ਸਿੱਖ ਸਨ। ਇਹਨਾਂ ਵਿਚੋਂ ਤਿੰਨ ਨੀਵੀਂ ਜਾਤੀ ਦੇ ਕਹਾਉਣ ਵਾਲੇ ਸਨ, ਇਕ ਖੱਤਰੀ ਸੀ ਅਤੇ ਇਕ ਜੱਟ ਸੀ। ਇਹ ਪੰਜੇ ਹੀ ਇਸ ਕੁਰਬਾਨੀ ਦੇ ਕੇਂਦਰਤ ਸੂਰਮੇ ਬਣੇ ਅਤੇ ਬਿਨਾਂ ਕਿਸੇ ਜਾਤ ਪਾਤ ਦੇ ਖਾਲਸਾ ਦੇ ਧਾਰਣੀ ਬਣੇ। ਉਹ ਉਹੋ ਹੀ ਸਨ ਜਿਹਨਾਂ ਗੁਰੂ ਜੀਂ ਨੂੰ ਆਪਣੇ ਸਿਰ ਪੇਸ਼ ਕੀਤੇ। ਉਹਨਾਂ ਦੇ ਚੇਹਰੇ, ਉਹਨਾਂ ਦੀਆਂ ਪੁਸ਼ਾਕਾਂ ਅਤੇ ਸਾਰੀ ਦਿੱਖ ਪੂਰੀ ਤਰ੍ਹਾਂ ਗੁਰੂ ਜੀ ਵਾਂਗੂੰ ਹੀ ਸਨ। ਗੁਰੂ ਜੀ ਨੇ ਉਹਨਾ ਨੂੰ 'ਪੰਜ ਪਿਆਰੇ' ਕਿਹਾ।

******************

# ੧੬. ਖਾਲਸਾ ਦੀ ਸਿਰਜਣਾ

**੧੬੯੯** *(ਆਯੂ ੩੩ ਸਾਲ)*: ੧੬੯੯ ਦੇ ਵੈਸਾਖੀ ਵਾਲੇ ਦਿਨ, ਗੁਰੂ ਜੀ ਨੇ ਸਫ਼ੈਦ ਪੁਸ਼ਾਕ ਪਹਿਨੀ ਅਤੇ ਉਹ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਸਨ। ਚਮਕ ਦਮਕ ਪੂਰੀ ਸੀ ਅਤੇ ਉਹ ਹਰ ਤਰ੍ਹਾਂ ਖ਼ੁਸ਼ ਸਨ। ਉਹ ਆਪਣੀ ਉਚ-ਗੱਦੀ ਤੇ ਬੈਠੇ ਸਨ ਅਤੇ ਪੰਜ ਪਿਆਰੇ ਉਹਨਾਂ ਦੇ ਅੱਗੇ ਪਹਿਲੀ ਕਤਾਰ ਵਿਚ ਬੈਠੇ ਸਨ। ਗੁਰੂ ਜੀ ਨੇ ਧਰਮ ਧਾਰਣ ਦੀ ਰਸਮ ਵਿਚ 'ਚਰਨ ਪਾਹੁਲ' ਦੀ ਥਾਵੇਂ 'ਖੰਡੇ ਦਾ ਅੰਮ੍ਰਿਤ' ਵਿਚ ਬਦਲਿਆ। ਇਸ ਰਸਮ ਦੇ ਦੌਰਾਨ, ਖਾਲਸਾ ਬਣਨ ਦਾ ਚਾਹਵਾਨ ਵਿਅੱਕਤੀ ਉਸ ਜਲ ਨੂੰ ਪੀਵੇਗਾ ਜੋ ਦੋ-ਧਾਰੇ ਖੰਡੇ ਦੇ ਘੁਮਾਣ ਨਾਲ ਤਿਆਰ ਕੀਤਾ ਗਿਆ ਹੋਵੇ। ਇਸ ਜਲ ਨੂੰ 'ਅੰਮ੍ਰਿਤ' ਕਿਹਾ ਗਿਆ।

ਗੁਰੂ ਜੀ ਨੇ ਇਕ ਲੋਹੇ ਦੇ ਇਕ ਬਾਟੇ ਵਿਚ ਪਾਨੀ ਪਾਇਆ ਅਤੇ ਇਸਦੇ ਨਜ਼ਦੀਕ ਚੌਂਕੜਾ ਮਾਰ ਕੇ ਬੈਠ ਗਏ। ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਆਦੇਸ਼ ਦਿਤਾ ਕਿ ਉਹ ਗੁਰੂ ਜੀ ਦੇ ਇਰਦ ਗਿਰਦ ਖੜੇ ਹੋਣ ਅਤੇ ਆਪਣੀਆਂ ਅੱਖਾਂ ਨੂੰ ਜਲ ਤੇ ਕੇਂਦਰਤ ਕਰਨ ਅਤੇ ਧਿਆਨ ਨੂੰ ਪ੍ਰਮਾਤਮਾ ਵਿਚ ਇਕਾਗਰ ਕਰਨ। ਲੋਹੇ ਦੇ ਬਾਟੇ ਕੋਲ ਘੁਟਨੇ ਟੇਕਦਿਆਂ, ਗੁਰੂ ਜੀ ਨੇ ਇਕ ਖੰਡੇ ਨਾਲ ਜਲ ਨੂੰ ਹਿਲਾਉਣਾ ਸ਼ੁਰੂ ਕੀਤਾ। ਇਸ ਦੌਰਾਨ ਸਾਰਾ ਸਮਾਂ, ਗੁਰੂ ਜੀ ਪ੍ਰਮਾਤਮਾ ਦੀ ਸਿਫ਼ਤ ਦਾ ਗਾਇਨ ਗੁਰਬਾਣੀ ਸ਼ਬਦਾਂ ਰਾਹੀਂ ਕਰਦੇ ਰਹੇ। ਗੁਰੂ ਜੀ ਨੇ ਧਰਮ ਪ੍ਰਵੇਸ਼ ਲਈ ਇਸਤਰ੍ਹਾਂ 'ਅੰਮ੍ਰਿਤ' ਤਿਆਰ ਕੀਤਾ।

ਹੱਥਾਂ ਵਿਚ ਅੰਮ੍ਰਿਤ ਦਾ ਬਾਟਾ ਲੈ ਕੇ ਗੁਰੂ ਜੀ ਖੜੇ ਹੋ ਗਏ। ਉਹਨਾਂ ਨੇ ਪੰਜ ਪਿਆਰਿਆਂ ਨੂੰ ਸੂਰਮਿਆਂ ਵਾਂਗੂੰ ਘੁਟਨੇ ਮੋੜ ਕੇ ਬੈਠਣ ਲਈ ਕਿਹਾ। ਗੁਰੂ ਜੀ ਨੇ ਉਹਨਾਂ ਨੂੰ ਗੁਰੂ ਜੀ ਦੀਆਂ ਅੱਖਾਂ ਵਿਚ ਦੇਖਣ ਲਈ ਕਿਹਾ। ਉਹ ਆਪ ਵੀ ਉਹਨਾਂ ਹਰੇਕ ਦੀਆਂ ਅੱਖਾਂ ਵਿਚ ਝਾਕਦੇ ਰਹੇ। ਉਸੇ ਸਮੇਂ, ਗੁਰੂ ਜੀ ਨੇ ਉਹਨਾਂ ਦੀਆਂ ਅੱਖਾਂ ਵਿਚ ਪੰਜ ਪੰਜ ਵਾਰ ਅੰਮ੍ਰਿਤ ਛਿੜਕਿਆ ਅਤੇ ਪੰਜ ਪਿਆਰਿਆਂ ਨੂੰ ਹਰ ਵਾਰ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ" ਬੋਲਣ ਲਈ ਕਿਹਾ। ਗੁਰੂ ਜੀ ਨੇ ਪੰਜ ਪਿਆਰਿਆਂ ਦੇ ਕੇਸ ਅਤੇ ਅੱਖਾਂ ਵਿਚ ਵੀ ਅੰਮ੍ਰਿਤ ਛਿੜਕਿਆ ਅਤੇ ਕੁਝ ਅੰਮ੍ਰਿਤ ਛਕਣ ਲਈ ਕਿਹਾ। ਹਰ ਇਕ ਪੰਜ ਪਿਆਰੇ ਨੇ ਬਾਟੇ ਨੂੰ ਅਗਲੇ ਖਾਲਸਾ ਨੂੰ ਦਿਤਾ ਜਦ ਤੱਕ ਕਿ ਸਾਰਾ ਅੰਮ੍ਰਿਤ ਪੂਰੀ ਤਰ੍ਹਾਂ ਸਮਾਪਤ ਹੋ ਗਿਆ।

ਗੁਰੂ ਜੀ ਨੇ ਪੰਜ ਪਿਆਰਿਆਂ ਨੂੰ ਨਾਮ ਬਦਲ ਦਿਤੇ:

ਦਇਆ ਰਾਮ ਨੂੰ ਦਇਆ ਸਿੰਘ (ਸਿੰਘ: ਸ਼ੇਰ)
ਧਰਮ ਸਿੰਘ ਨੂੰ ਧਰਮ ਸਿੰਘ
ਹਿੰਮਤ ਰਾਏ ਨੂੰ ਹਿੰਮਤ ਸਿੰਘ
ਮੋਹਕਮ ਚੰਦ ਨੂੰ ਮੋਹਕਮ ਸਿੰਘ, ਅਤੇ
ਸਾਹਿਬ ਚੰਦ ਨੂੰ ਸਾਹਿਬ ਸਿੰਘ।

ਗੁਰੂ ਜੀ ਨੇ ਫਿਰ ਆਪ ਵੀ ਉਜਨਾਂ ਪੰਜ ਪਿਆਰਿਆਂ ਦੇ ਹੱਥਾਂ ਨਾਲ ਧਰਮ ਪ੍ਰਵੇਸ ਦੀ ਰਸਮ ਕਰਵਾਈ ਅਤੇ ਉਹਨਾਂ ਨੂੰ ਹੁਣ 'ਖਾਲਸਾ' ਹੋਣ ਦੀ ਉਪਾਧੀ ਬਖ਼ਸ਼ਸ਼ ਕੀਤੀ ਅਤੇ ਆਪਣਾ ਨਾਮ ਵੀ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਵਿਚ ਬਦਲ ਲਿਆ। "ਵਾਹ ਵਾਹ ਗੋਬਿੰਦ ਸਿੰਘ, ਆਪੇ ਗੁਰ ਚੇਲਾ"।

ਗੁਰੂ ਜੀ ਨੇ ਆਪਣੇ ਸ਼ਰਧਾਲੂਆਂ ਲਈ ਨਿਯਮਾਂ ਦਾ ਐਲਾਨ ਕੀਤਾ ਜਿਹਨਾਂ ਨੂੰ ਰਸਮੀ ਤੌਰ ਤੇ 'ਰਹਿਤ ਨਾਮਾ' ਦੇ ਰੂਪ ਵਿਚ ਲਿਖਿਆ। ਇਹਨਾ ਨਿਯਮਾਂ ਵਿਚ ਉਚਿਤ ਵਿਵਹਾਰ ਦੇ ਕੁਝ ਅਸੂਲ ਹਨ ਜੋ ਧਰਮ ਦੇ ਬਾਨੀ ਗੁਰੂ ਨਾਨਕ ਤੋਂ ਲੈ ਕੇ ਪਹਿਲੇ ਗੁਰੂਆਂ ਦੀਆਂ ਸਿਖਿਆਵਾਂ ਤੇ ਅਧਾਰਤ ਹਨ। ਇਸ ਧਰਮ ਵਿਵਹਾਰ

ਦੇ ਅਸੂਲਾਂ ਦਾ ਅੰਤਮ ਰੂਪ “ਸਿੱਖ ਰਹਿਤ ਮਰਯਾਦਾ” ਕਹਾਉਂਦਾ ਹੈ ਜਿਸ ਦੀ ਮਾਨਤਾ ੧੯੪੫ ਵਿਚ ਹੋਈ।

ਪ੍ਰਮਾਤਮਾ ਨਾਲ ਮਿਲਾਪ ਕਰਨ ਹਿਤ ਸੱਚਾ ਸੁੱਚਾ ਜੀਵਨ ਬਿਤਾਉਣ ਲਈ ‘ਖੰਡੇ ਦੀ ਪਾਹੁਲ’ ਬਖ਼ਸ਼ਸ਼ ਕਰਨ ਦਾ ਅਧਿਕਾਰ ੧੬੯੯ ਦੀ ਵੈਸਾਖੀ ਵਾਲੇ ਦਿਨ ਪੰਜ ਪਿਆਰਿਆ ਨੂੰ ਹਾਸਲ ਹੋਇਆ। ਹਜ਼ਾਰਾਂ ਹੀ ਸਿੱਖਾਂ ਨੇ ਉਸ ਦਿਨ ਅੰਮ੍ਰਿਤ ਛਕਿਆ ਅਤੇ ਸਾਰਿਆਂ ਨੂੰ ਹੀ ‘ਸਿੰਘ’ ਭਾਵ ‘ਸ਼ੇਰ’ ਕਿਹਾ ਜਾਣ ਲਗਿਆ। ਅੰਮ੍ਰਿਤ ਛਕਾਉਣ ਦੀ ਇਹ ਰਸਮ ਕਈ ਦਿਨ ਇਸਤਰ੍ਹਾਂ ਹੀ ਚਲਦੀ ਰਹੀ।

ਇਸਤਰ੍ਹਾਂ ‘ਖਾਲਸਾ’ ਦਾ ਜਨਮ ਹੋਇਆ ਜੋ ਸੰਤ-ਸੂਰਮਿਆ ਦੀ ਬਰਾਦਰੀ ਹੈ ਅਤੇ ਇਕ ਅਕਾਲ ਪੁਰਖ ਦੇ ਪੁਜਾਰੀ ਹਨ। ਬੇਸਹਾਰਾ ਲੋਕਾਂ ਦੀ ਮਦਦ ਲਈ, ਜ਼ਾਲਮਾਂ ਵਿਰੁੱਧ ਲੜਨ ਲਈ, ਇਕ ਪ੍ਰਮਾਤਮਾ ਵਿਚ ਵਿਸ਼ਵਾਸ ਰਖਣ ਲਈ ਅਤੇ ਸਾਰੇ ਮਨੁੱਖਾਂ ਨੂੰ ਕਿਸੇ ਵੀ ਜਾਤ ਪਾਤ ਜਾਂ ਰੰਗ ਰੂਪ ਦੇ ਵਿਤਕਰੇ ਦੇ ਬਗੈਰ ਹਰ ਤਰ੍ਹਾਂ ਬਰਾਬਰ ਤੌਰ ਤੇ ਜਾਨਣ ਲਈ ਖਾਲਸਾ ਦੀ ਸਿਰਜਣਾ ਹੋਈ ਜਿਵੇਂ ਕਿ ਗੁਰੂ ਨਾਨਕ ਜੀ ਨੇ ਆਪਣੇ ਸੇਵਕਾਂ ਨੂੰ ਸ਼ੁਰੂ ਵਿਚ ਹੀ ਪਰਚਾਰਿਆ ਸੀ ਜਦ ਉਹਨਾਂ ਨੇ ਸਿੱਖ ਬਰਾਦਰੀ ਜਾਂ ਸਿੱਖ ਪੰਥ ਦੀ ਸ਼ੁਰੂਆਤ ਕੀਤੀ ਸੀ।

**********************

# ੧੭. ਮਾਤਾ ਸਾਹਿਬ ਕੌਰ

੧੭੦੦ *(ਆਯੂ ੩੪ ਸਾਲ):* ਵਸਾਖੀ ਦੇ ਦਿਨ, ਜੇਹਲਮ ਜ਼ਿਲੇ ਵਿਚ ਰੋਹਤਾਸ ਦੇ ਵਾਸੀ ਭਾਈ ਰਾਮਾ ਆਪਣੇ ਪਰਵਾਰ ਸਮੇਤ ਗੁਰੂ ਜੀ ਦੇ ਦਰਸ਼ਨਾਂ ਲਈ ਆਨੰਦਪੁਰ ਆਇਆ। ਦੀਵਾਨ ਵਿਚ ਬੈਠਿਆਂ ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਗੁਰੂ ਜੀ ਉਸਦੀ ਬੇਟੀ ਸਾਹਿਬ ਦੇਵੀ ਨਾਲ ਸ਼ਾਦੀ ਕਰ ਲੈਣ। ਉਸਨੇ ਕਿਹਾ ਕਿ ਉਸਨੇ ਬੇਟੀ ਦੇ ਜਨਮ ਤੋਂ ਹੀ ਉਸਦੀ ਸ਼ਾਦੀ ਗੁਰੂ ਜੀ ਨਾਲ ਕਰਨ ਦਾ 'ਪ੍ਰਣ' ਕੀਤਾ ਹੈ। ਉਹਨਾਂ ਦਿਨਾਂ ਵਿਚ ਮਾਪਿਆਂ ਵਲੋਂ ਆਪਣੇ ਬਚਿਆਂ ਬਾਰੇ ਅਜਿਹਾ ਇਕ ਪਾਸਾ ਪ੍ਰਣ ਲੈਣਾ ਆਮ ਗਲ ਸੀ। ਗੁਰੂ ਜੀ ਨੇ ਅਜਿਹੇ 'ਪ੍ਰਣ' ਨੂੰ ਕਿਸੇਤਰ੍ਹਾਂ ਵੀ ਮੰਨਣ ਤੋਂ ਇਨਕਾਰ ਕਰ ਦਿਤਾ। ਗੁਰੂ ਜੀ ਨੇ ਕਿਹਾ ਕਿ ਉਹ ਇਸ ਸੁਝਾਅ ਨੂੰ ਕਿਸੇ ਤਰ੍ਹਾਂ ਵੀ ਨਹੀਂ ਮੰਨਣਗੇ।

ਸ਼ਾਹਿਬ ਦੇਵੀ ਦੇ ਪਿਤਾ ਨੇ ਕਿਹਾ ਕਿ ਉਸਦੇ ਪਿੰਡ ਦੇ ਸਾਰੇ ਵਸਨੀਕ ਇਸ 'ਪ੍ਰਣ' ਬਾਰੇ ਜਾਣਦੇ ਸਨ। ਸੋ ਉਸਦੀ ਬੇਟੀ ਨੂੰ ਹਰ ਕੋਈ 'ਮਾਤਾ ਜੀ' ਕਹਿ ਕੇ ਬੁਲਾਉਂਦਾ ਸੀ, ਭਾਵ ਕਿ ਉਸਦਾ ਪਹਿਲਾ ਹੀ ਗੁਰੂ ਜੀ ਨਾਲ ਸ਼ਾਦੀ ਬਾਰੇ 'ਪ੍ਰਣ' ਕੀਤਾ ਜਾ ਚੁੱਕਾ ਹੈ। ਸੋ ਉਸ ਨਾਲ ਹੋਰ ਕੋਈ ਵੀ ਸ਼ਾਦੀ ਨਹੀਂ ਕਰੇਗਾ।

ਗੁਰੂ ਜੀ ਨੇ ਸੁਝਾਅ ਦਿਤਾ ਕਿ ਉਹ 'ਖਾਲਸਾ' ਦੀ ਮਾਤਾ ਬਣ ਜਾਵੇ ਅਤੇ ਉਹਨਾਂ ਨਾਲ ਮਾਤਾ ਜਿਹੇ ਪਿਆਰ ਨਾਲ ਸੇਵਾ ਕਰੇ। ਗੁਰੂ ਜੀ ਨੇ ਉਸਨੂੰ ਖਾਲਸਾ ਦੀ ਸੇਵਾ ਕਰਨ ਲਈ ਕਿਹਾ ਅਤੇ ਬਾਕੀ ਦੀ ਸਾਰੀ ਉਮਰ ਪ੍ਰਮਾਤਮਾ ਦੇ ਨਾਮ ਦੀ ਭਗਤੀ ਕਰੇ। ਉਹ ਇਕ ਦਮ ਇਸਤਰ੍ਹਾਂ ਕਰਨ ਲਈ ਰਾਜ਼ੀ ਹੋ ਗਈ ਅਤੇ ਸਾਰੀ ਉਮਰ ਕੁਆਰਪਣ ਵਿਚ ਰਹੀ।

ਧਰਮ ਧਾਰਣ ਕਰਨ ਵੇਲੇ, ਉਸਨੂੰ ਮਾਤਾ ਸਾਹਿਬ ਕੌਰ ਵਜੋਂ ਜਾਣਿਆ ਜਾਣ ਲਗਿਆ। ਉਹ ੧੬੮੧ – ੧੭੦੮ ਦੌਰਾਨ ਜੀਵਤ ਰਹੀ। ਦਿੱਲੀ ਵਿਚ ਉਸਦਾ ਦੇਹਾਂਤ ਹੋ ਗਿਆ। ਉਸਦੇ ਸਰੀਰ ਨੂੰ ਗੁਰੂ ਹਰਿ ਕ੍ਰਿਸ਼ਨ ਜੀ ਦੀ ਸਮਾਧ ਦੇ ਨੇੜੇ ਦਫ਼ਨਾਇਆ ਗਿਆ, ਜਿਸ ਜਗਹ ਨੂੰ ਗੁਰਦੁਆਰਾ ਬਾਲਾ ਸਾਹਿਬ ਕਿਹਾ ਜਾਂਦਾ ਹੈ।

ਅੱਜ ਤੱਕ ਵੀ, ਸਿੱਖਾਂ ਨੂੰ ਅੰਮ੍ਰਿਤ ਛਕਾਉਣ ਦੇ ਮੌਕੇ ਸਿੱਖਾਂ ਦੇ ਨਗਰ ਦਾ ਨਾਮ "ਆਨੰਦਪੁਰ", "ਗੁਰੂ ਗੋਬਿੰਦ ਸਿੰਘ ਜੀ" ਪਿਤਾ ਵਜੋਂ ਅਤੇ "ਮਾਤਾ ਸਾਹਿਬ ਕੌਰ" ਨੂੰ ਉਹਨਾਂ ਦੀ ਮਾਤਾ ਦਸਿਆ ਜਾਂਦਾ ਹੈ।

********************

# ੧੯. ਪਹਾੜੀ ਰਾਜਿਆਂ ਦੇ ਹਮਲੇ

**੧੭੦੦** *(ਆਯੂ ੩੪ ਸਾਲ):* ਖਾਲਸਾ ਦੀ ਸਿਰਜਣਾ ਕਰਨ ਨਾਲ, ਹਜ਼ਾਰਾਂ ਹਿੰਦੂਆ ਨੇ 'ਖੰਡੇ ਦੀ ਪਾਹੁਲ' ਲਈ ਅਤੇ ਖਾਲਸਾ ਬਣ ਗਏ। ਹਜ਼ਾਰਾਂ ਵਲੋਂ ਹਿੰਦੂ ਧਰਮ ਛੱਡਣ ਨਾਲ ਬ੍ਰਾਹਮਣਾਂ ਦੀ ਕਮਾਈ ਘਟ ਗਈ। ਕੁਝ ਬ੍ਰਾਹਮਣਾਂ ਨੇ ਗੁਰੂ ਜੀ ਵਿਰੁੱਧ ਬਦਲਾ ਲੈਣ ਦੀ ਯੋਜਨਾ ਬਣਾਈ। ਬਿਲਾਸਪੁਰ ਦੇ ਬ੍ਰਾਹਮਣ ਪੁਜਾਰੀ ਪਰਮਾਨੰਦ ਨੇ ਗੁਰੂ ਜੀ ਨੂੰ ਰਾਜ ਵਿਚੋਂ ਕਢ ਦੇਣ ਲਈ ਰਾਜਾ ਅਜਮੇਰ ਚੰਦ ਨੂੰ ਭੜਕਾਇਆ। ਰਾਜਾ ਅਜਮੇਰ ਚੰਦ ਨੇ ਕਾਂਗੜਾ ਅਤੇ ਹੰਦੂਰ ਦੇ ਰਾਜਿਆਂ ਨੂੰ ਮਨਾਇਆ ਕਿ ਉਹ ਇਸ ਘਾਤਕ ਮੁਹਿੰਮ ਵਿਚ ਉਸਦੇ ਨਾਲ ਸ਼ਾਮਲ ਹੋਣ।

**ਤਾਰਾਗੜ੍ਹ ਕਿਲੇ ਤੇ ਹਮਲਾ:** ਅਜਮੇਰ ਚੰਦ ਨੇ ਪਹਿਲਾਂ ਤਾਰਾਗੜ੍ਹ ਕਿਲੇ ਤੇ ਹਮਲਾ ਕਰਨ ਦਾ ਫੈਸਲਾ ਕੀਤਾ। ਉਸਨੇ ਇਸਨੂੰ ਪੰਜ ਕਿਲਿਆਂ ਵਿਚੋਂ ਸਭ ਤੋਂ ਕਮਜ਼ੋਰ ਸਮਝਿਆ ਜਿਸਨੂੰ ਸੌਖੀ ਤਰ੍ਹਾਂ ਜਿਤਿਆ ਜਾ ਸਕਦਾ ਸੀ। ਇਹ ਆਨੰਦਪੁਰ ਸ਼ਹਿਰ ਤੋਂ ਲਗ ਭਗ ਤਿੰਨ ਕੁ ਮੀਲ ਦੀ ਦੂਰੀ ਤੇ ਸਥਿਤ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਕੁਝ ਸਿੱਖਾਂ ਦੀ ਟੁਕੜੀ ਉਥੇ ਰਹਿ ਰਹੇ ਸਨ। ਅਗਸਤ ੨੯ ਨੂੰ, ਅਜਮੇਰ ਚੰਦ ਨੇ ਹਮਲਾ ਕੀਤਾ। ਸਾਹਿਬਜ਼ਾਦਾ ਅਹੀਤ ਸਿੰਘ ਨੇ ਇਕ ਤੇਜ਼ ਘੋੜ-ਸਵਾਰ ਨੂੰ ਮਦਦ ਲਈ ਗੁਰੂ ਜੀ ਕੋਲ ਭੇਜਿਆ। ਜਲਦੀ ਹੀ ਸਿੱਖ ਬਹਾਦਰਾਂ ਦੀ ਇਕ ਵੱਡੀ ਫੌਜ ਕਿਲੇ ਤੇ ਪਹੁੰਚ ਗਈ। ਇਕ ਘਮਾਸਾਨ ਯੁੱਧ ਹੋਇਆ। ਹਮਲਾਵਰ ਫੌਜ ਦੇ ਬਹੁਤ ਸਾਰੇ ਸੈਨਕ ਮਾਰੇ ਗਏ। ਲੜਾਈ ਦੇ ਤਿੰਨ ਘੰਟਿਆਂ ਬਾਅਦ, ਪਹਾੜੀ ਸੈਨਕ ਜੰਗ ਦੇ ਮੈਦਾਨ ਤੋਂ ਦੌੜ ਗਏ। ਕੁਝ ਸਿੱਖ ਵੀ ਮਾਰੇ ਗਏ।

**ਫਤਹਿਗੜ੍ਹ ਕਿਲੇ ਤੇ ਹਮਲਾ:** ਤਾਰਾਗੜ੍ਹ ਦੀ ਜ਼ਬਰਦਸਤ ਹਾਰ ਦੇ ਬਾਵਜੂਦ, ਅਜਮੇਰ ਚੰਦ ਨੇ ਅਗਲੇ ਹੀ ਦਿਨ ੨੯ ਅਗਸਤ ਨੂੰ ਫਤਹਿਗੜ੍ਹ ਕਿਲੇ ਤੇ ਹਮਲਾ ਕਰ ਦਿਤਾ। ਭਾਵੇਂ ਕੁਝ ਕੁ ਸਿੱਖ ਹੀ ਉਥੇ ਠਹਿਰੇ ਹੋਏ ਸਨ, ਉਹਨਾਂ ਨੇ ਬਿਲਾਸਪੁਰ ਦੀ ਫੌਜ ਦਾ ਸਖ਼ਤ ਮੁਕਾਬਲਾ ਕੀਤਾ। ਸਾਰਾ ਦਿਨ ਲੜਾਈ ਚਲਦੀ ਰਹੀ ਅਤੇ ਬਹੁਤ ਵੱਡੀ ਗਿਣਤੀ ਵਿਚ ਪਹਾੜੀ ਸੈਨਕ ਸ਼ਾਮ ਤੱਕ ਮਾਰੇ ਗਏ। ਬਿਲਾਸਪੁਰ ਦੀ ਫੌਜ ਜੰਗ ਦੇ ਮੈਦਾਨ ਵਿਚੋਂ ਦੌੜ ਗਈ। ਇਸ ਲੜਾਈ ਵਿਚ, ਕੁਝ ਸਿੱਖ ਸੈਨਕ ਵੀ ਮਾਰੇ ਗਏ।

**ਅਗੰਮਗੜ੍ਹ ਕਿਲੇ ਤੇ ਹਮਲਾ:** ਦੋਨੋ ਲੜਾਈਆ ਵਿਚ ਹਾਰ ਜਾਣ ਦੇ ਬਾਵਜੂਦ, ਅਜਮੇਰ ਚੰਦ ਨੇ ਅਗਲੇ ਹੀ ਦਿਨ ਅਗਸਤ ੩੧ ਨੂੰ ਕਿਲਾ ਅਗੰਮਗੜ੍ਹ ਤੇ ਹਮਲਾ ਕਰ ਦਿਤਾ। ਇਹ ਕਿਲਾ ਆਨੰਦਪੁਰ ਤੋਂ ਇਕ ਮੀਲ ਦੀ ਦੂਰੀ ਤੇ ਸਥਿਤ ਸੀ। ਬਹੁਤ ਹੀ ਘੱਟ ਗਿਣਤੀ ਵਿਚ ਸਿੱਖਾਂ ਦੀ ਹਾਜ਼ਰੀ ਦੇ ਬਾਵਜੂਦ, ਬਿਲਾਸਪੁਰ ਦੀ ਫੌਜ ਦੇ ਬਹੁਤ ਸੈਨਕ ਮਾਰੇ ਗਏ ਅਤੇ ਹਾਰ ਹੋਣ ਦੇ ਕਾਰਨ ਉਹ ਪਿਛੇ ਮੁੜ ਗਏ।

**ਲੋਹਗੜ੍ਹ ਕਿਲੇ ਤੇ ਹਮਲਾ:** ਅਜਮੇਰ ਚੰਦ ਨੇ ਸਮਝ ਲਿਆ ਕਿ ਗੁਰੂ ਜੀ ਨੂੰ ਕਾਬੂ ਕਰਨਾ ਜਾਂ ਹਰਾਉਣਾ ਔਖਾ ਕੰਮ ਸੀ। ਫਿਰ ਵੀ, ਉਹ ਅਸਲੀਅਤ ਨੂੰ ਮੰਨਣ ਤੋਂ ਇਨਕਾਰੀ ਸੀ। ਉਸਨੇ ਇਕ ਵਾਰੀ ਹੋਰ ਕੋਸ਼ਸ਼ ਕਰਨ ਦਾ ਫੈਸਲਾ ਕੀਤਾ। ਲੋਹਗੜ੍ਹ ਕਿਲੇ ਦੀ ਵਿਓਂਤਬੱਧ ਮਹੱਤਤਾ ਸੀ। ਗੁਰੂ ਜੀ ਦੇ ਹਥਿਆਰਾਂ ਦਾ ਕਾਰਖਾਨਾ ਉਥੇ ਸਥਿਤ ਸੀ। ਇਸ ਤੇ ਕਬਜ਼ਾ ਹੋਣ ਨਾਲ ਗੁਰੂ ਜੀ ਦੀ ਸ਼ਕਤੀ ਘਟ ਜਾਣੀ ਸੀ। ਅਜਮੇਰ ਚੰਦ ਜਾਣਦਾ ਸੀ ਕਿ ਇਸ ਕਿਲੇ ਦਾ ਦਰਵਾਜਾ ਬਹੁਤ ਹੀ ਮਜਬੂਤ ਸੀ। ਉਸਨੇ ਸ਼ਰਾਬ ਨਾਲ ਇਕ ਮਸਤ ਹਾਥੀ ਦੇ ਮੱਥੇ ਤੇ ਲੋਹੇ ਦੀਆਂ ਪਲੇਟਾਂ ਬੰਨ੍ਹਣ ਦਾ ਫੇਸਲਾ ਕੀਤਾ। ਉਸਨੇ ਸੋਚਿਆ ਕਿ ਉਹ ਹਾਥੀ ਨੂੰ ਦਰਵਾਜੇ ਵਲ ਦੌੜਾਉਣਗੇ ਅਤੇ ਹਾਥੀ ਸਿਰ ਨਾਲ ਦਰਵਾਜੇ ਨੂੰ ਤੋੜ ਕੇ ਸੁੱਟ ਦੇਵੇਗਾ।

ਉਸ ਰਾਤ, ਗੁਰੂ ਜੀ ਆਨੰਦਗੜ੍ਹ ਕਿਲੇ ਵਿਚ ਇਕ ਦੀਵਾਨ ਲਗਾ ਰਹੇ ਸਨ। ਗੁਰੂ ਜੀ ਨੂੰ ਅਜਮੇਰ ਚੰਦ ਦੀ ਯੋਜਨਾ ਦਾ ਪਤਾ ਲੱਗਾ। ਗੁਰੂ ਜੀ ਨੇ ਦੁਨੀ ਚੰਦ ਨੂੰ ਦੇਖਿਆ ਜੋ ਪਹਿਲਾ ਮਸੰਦ ਹੁੰਦਾ ਸੀ। ਉਸਦਾ ਸਰੀਰ ਬਹੁਤ ਵੱਡਾ ਅਤੇ ਤਕੜਾ ਸੀ। ਉਹ ਸੰਗਤ ਵਿਚ ਬੈਠਾ ਸੀ। ਗੁਰੂ ਜੀ ਨੇ ਟਿਪਣੀ ਕੀਤੀ ਕਿ ਦੁਨੀ ਚੰਦ ਬਹੁਤ ਜਲਦੀ ਹੀ ਮਸਤ ਹਾਥੀ ਨੂੰ ਮਾਰ ਦੇਵੇਗਾ। ਇਸ ਮਸ਼ਵਰੇ ਤੇ ਦੁਨੀ ਚੰਦ ਬਹੁਤ ਹੈਰਾਨ ਹੋ ਗਿਆ ਕਿਉਂਕਿ ਇਸ ਨਾਲ ਉਸਦੀ ਜਾਨ ਜਾ ਸਕਦੀ ਸੀ। ਪਰ ਉਹ ਇਨਕਾਰ ਨਾ ਕਰ ਸਕਿਆ। ਉਸ ਰਾਤ, ਦੁਨੀ ਚੰਦ ਇਕ ਰੱਸੇ ਨਾਲ ਕਿਲੇ ਦੀ ਦੀਵਾਰ ਤੋਂ ਹੇਠਾਂ ਉਤਰ ਗਿਆ। ਉਸਦੀ ਬਦਕਿਸਮਤੀ ਵਜੋਂ, ਰੱਸਾ ਟੁੱਟ ਗਿਆ ਅਤੇ ਉਹ ਹੇਠਾਂ ਜ਼ਮੀਨ ਤੇ ਡਿੱਗ ਪਿਆ ਅਤੇ ਲੱਤ ਤੇ ਸੱਟ ਲਵਾ ਬੈਠਾ। ਜਦ ਭਾਈ ਬਚਿੱਤਰ ਸਿੰਘ ਨੂੰ ਪਤਾ ਲੱਗਾ ਕਿ ਦੁਨੀ ਚੰਦ ਦੌੜ ਗਿਆ ਸੀ, ਉਸਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਉਸਨੂੰ ਇਹ ਜਿੰਮੇਵਾਰੀ ਦਿਤੀ ਜਾਵੇ। ਗੁਰੂ ਜੀ ਨੇ ਉਸਦੀ ਬੇਨਤੀ ਪ੍ਰਵਾਨ ਕਰ ਲਈ।

ਅਗਲੇ ਦਿਨ, ਜਿਵੇਂ ਯੋਜਨਾ ਬਣਾਈ ਗਈ ਸੀ, ਸ਼ਰਾਬ ਪੀ ਕੇ ਇਕ ਮਸਤ ਹਾਥੀ ਦਰਵਾਜੇ ਦੀ ਤਰਫ਼ ਦੌੜਿਆ। ਇਕ ਘੋੜੇ ਤੇ ਸਵਾਰ ਹੋ ਕੇ ਬਚਿੱਤਰ ਸਿੰਘ ਕਿਲੇ ਤੋਂ ਬਾਹਰ ਆਇਆ। ਉਸਨੇ ਹਾਥੀ ਦੇ ਮੱਥੇ ਤੇ ਇਕ ਛੋਟਾ ਜਿਹੀ ਜਗ੍ਹਾ ਦੇਖੀ ਜਿਸਨੂੰ ਲੋਹੇ ਦੀ ਪਲੇਟ ਨੇ ਢੱਕਿਆ ਨਹੀਂ ਸੀ। ਉਸਨੇ ਪੂਰੀ ਤਾਕਤ ਨਾਲ ਆਪਣਾ ਬਰਛਾ ਉਸ ਜਗ੍ਹਾ ਤੇ ਮਾਰਿਆ ਅਤੇ ਜਲਦੀ ਨਾਲ ਬਰਛਾ ਬਾਹਰ ਕੱਢ ਲਿਆ। ਬਰਛੇ ਨਾਲ ਹਾਥੀ ਨੂੰ ਅਸਹਿ ਪੀੜਾ ਹੋਈ। ਘਬਰਾਇਆ ਹੋਇਆ ਹਾਥੀ ਤੇਜ਼ੀ ਨਾਲ ਇਧਰ ਉਧਰ ਦੌੜਿਆ। ਹਾਥੀ ਵਾਪਸ ਮੁੜਿਆ ਅਤੇ ਅਪਨੇ ਪਿਛੇ ਆਉਂਦੇ ਪਹਾੜੀ ਰਾਜੇ ਦੇ ਸੈਨਕਾਂ ਨੂੰ ਕੁਚਲਦਾ ਹੋਇਆ ਦੌੜ ਗਿਆ। ਉਹ ਸੈਨਕ ਹਾਥੀ ਦੇ ਪਿਛੇ ਕਿਲੇ ਵਿਚ ਦਾਖਲ ਹੋਣ ਦਾ ਇਰਾਦਾ ਰਖਦੇ ਸਨ ਜਦੋਂ ਹੀ ਉਹ ਦਰਵਾਜਾ ਟੁੱਟ ਜਾਂਦਾ।

ਕਿਲੇ ਦੇ ਦਰਵਾਜੇ ਤੋਂ ਬਾਹਰ ਘਮਾਸਾਨ ਦਾ ਯੁੱਧ ਹੋਇਆ। ਸ਼ਾਮ ਤੱਕ, ਬੜੀ ਵੱਡੀ ਗਿਣਤੀ ਵਿਚ ਪਹਾੜੀ ਸੈਨਕ ਮਾਰੇ ਗਏ। ਹਾਰੇ ਅਤੇ ਸੱਟਾ ਦੇ ਮਾਰੇ ਸੈਨਕ ਅਤੇ ਅਜਮੇਰ ਚੰਦ ਬਿਲਾਸਪੁਰ ਵੱਲ ਚਲੇ ਗਈ। ਕੁਝ ਬਹਾਦਰ ਸਿੱਖ ਵੀ ਲੋਹਗੜ੍ਹ ਕਿਲੇ ਦੀ ਰਖਿਆ ਕਰਦੇ ਜੰਗ ਵਿਚ ਸ਼ਹੀਦ ਹੋ ਗਏ।

**ਨਿਰਮੋਹ ਗੜ੍ਹ ਤੇ ਹਮਲਾ**: ਚਾਰ ਦਿਨ ਲਗਾਤਾਰ ਲੜਾਈਆਂ ਅਤੇ ਬਹੁਤ ਸਾਰੇ ਸੈਨਕਾਂ ਦਾ ਨੁਕਸਾਨ ਅਤੇ ਹਾਰ ਹੋਣ ਦੇ ਬਾਵਜੂਦ, ਅਜਮੇਰ ਚੰਦ ਹਾਲੇ ਵੀ ਹਠੀ ਸੀ। ਉਸਨੇ ਕਈ ਸਾਥੀਆ ਨਾਲ ਸਲਾਹ-ਮਸ਼ਵਰਾ ਕੀਤਾ ਕਿ ਉਹ ਗੁਰੂ ਜੀ ਨੂੰ ਕਾਬੂ ਕਰਨ ਦੇ ਮੰਤਵ ਲਈ ਕੋਈ ਰਾਹ ਲਭ ਸਕਣ। ਬ੍ਰਾਹਮਣ ਪੁਜਾਰੀ ਪਰਮਾ ਨੰਦ ਨੇ ਇਕ ਚਲਾਕੀ ਭਰਿਆ ਤਰੀਕਾ ਸੁਝਾਇਆ।

ਉਸ ਬ੍ਰਾਹਮਣ ਪੁਜਾਰੀ ਦੀ ਯੋਜਨਾ ਅਨੁਸਾਰ, ਪਹਿਲੀ ਅਕਤੂਬਰ ਨੂੰ ਪਰਮਾ ਨੰਦ ਆਨੰਦ ਗੜ੍ਹ ਕਿਲੇ ਵਿਚ ਗਿਆ। ਉਸਨੇ ਕਣਕ ਦੇ ਆਟੇ ਦੀ ਬਣੀ ਇਕ ਗਊ  ਅਤੇ ਗੁਰੂ ਜੀ ਨੂੰ ਲਿਖਿਆ ਇਕ ਪਤ੍ਰ ਪਲੇਟ ਵਿਚ ਰਖੇ ਅਤੇ ਕਿਲੇ ਦੇ ਗੇਟ ਤੋਂ ਬਾਹਰ ਰੱਖ ਦਿਤਾ। ਇਸ ਤੇ ਲਿਖਿਆ ਸੀ ਕਿ ਰਾਜਾ ਆਪਣੀਆਂ ਕਰਤੂਤਾਂ ਲਈ ਸ਼ਰਮਿੰਦਾ ਹੈ ਅਤੇ ਗੁਰੂ ਜੀ ਪਾਸੋਂ ਮੁਆਫ਼ੀ ਮੰਗਦਾ ਹੈ। ਰਾਜਾ ਨੇ ਆਮ ਜਨਤਾ ਵਿਚ ਬਹੁਤ ਬੇਇਜ਼ਤੀ ਅਤੇ ਅਪਮਾਨ ਕਰਵਾਇਆ ਹੈ। ਉਸ ਪੱਤ੍ਰ ਵਿਚ ਇਹ ਵੀ ਕਿਹਾ ਕਿ ਰਾਜਾ ਅਹਿਸਾਨਮੰਦ ਹੋਵੇਗਾ ਜੇ ਗੁਰੂ ਜੀ ਕੁਝ ਦਿਨਾਂ ਲਈ ਆਨੰਦਪੁਰ ਖਾਲੀ ਕਰ ਦੇਣ। ਇਸ ਨਾਲ ਰਾਜੇ ਦੀ ਇੱਜ਼ਤ ਬਚ ਜਾਏਗੀ ਅਤੇ ਰਾਜੇ ਨੂੰ ਆਮ ਜਨਤਾ ਪਾਸੋਂ ਮੁੜ ਮਾਨ-ਸਨਮਾਨ ਮਿਲ ਸਕੇਗਾ। ਰਾਜੇ ਨੇ ਵਾਅਦਾ ਕੀਤਾ ਕਿ ਗੁਰੂ ਜੀ ਕੁਛ ਦਿਨਾਂ ਬਾਦ ਸੁਰੱਖਿਅਤ ਵਾਪਸ ਆ ਜਾਣਗੇ। ਗੁਰੂ ਜੀ ਨੂੰ ਪੂਰੀ ਤਰ੍ਹਾਂ ਪਤਾ ਸੀ ਕਿ ਬ੍ਰਾਹਮਣ ਅਤੇ ਰਾਜਾ ਬੇ-ਇਤਬਾਰੇ ਸਨ। ਫਿਰ ਵੀ, ਕੁਝ ਪ੍ਰਮੁੱਖ ਸਿਖਾਂ ਨੇ ਰਾਜੇ ਤੇ ਤਰਸ ਕੀਤਾ ਅਤੇ ਰਾਜੇ ਦੀ ਬੇਨਤੀ ਨੂੰ ਪ੍ਰਵਾਨ ਕਰਨਾ ਚਾਹਿਆ।

ਚਾਰ ਅਕਤੂਬਰ ਨੂੰ, ਗੁਰੂ ਜੀ ਨੇ ਆਨੰਦਪੁਰ ਖਾਲੀ ਕਰ ਦਿਤਾ ਅਤੇ ਕੀਰਤਪੁਰ ਤੋਂ ਦੋ ਮੀਲ ਦੂਰ ਇਕ ਪਹਾੜੀ ਤੇ ਚਲੇ ਗਏ। ਉਥੇ ਕੋਈ ਕਿਲਾ ਨਹੀਂ ਸੀ। ਗੁਰੂ ਜੀ ਨੇ ਕਿਉਂਕਿ ਇਸ ਨੂੰ ਕਿਲੇ ਵਜੋਂ ਵਰਤਿਆ, ਸੋ ਬਾਅਦ ਵਿਚ ਇਹ ਨਿਰਮੋਹ ਗੜ੍ਹ ਵਜੋਂ ਜਾਣਿਆ ਜਾਣ ਲਗਿਆ। ਸਿੱਖਾਂ ਨੇ ਸਿਰਫ਼ ਹਥਿਆਰ, ਘੋੜੇ, ਖਾਜ ਪਦਾਰਥ ਅਤੇ ਕੁਝ ਘਰੇਲੂ ਵਸਤੂਆਂ ਆਪਣੇ ਨਾਲ ਖੜੀਆ ਸਨ। ਬਾਕੀ ਸਭ ਕੁਝ ਪਿੱਛੇ ਆਨੰਦਪੁਰ ਛੱਡ ਗਏ ਸਨ। ਅਸਥਾਈ ਰਿਹਾਇਸ਼ ਲਈ ਤੰਬੂ ਲਗਾ ਲਏ ਗਏ ਸਨ।

ਅਜਮੇਰ ਚੰਦ ਗੁੱਸੇ ਅਤੇ ਦੁਸ਼ਮਣੀ ਨਾਲ ਭਰਿਆ ਹੋਇਆ ਸੀ। ਉਸਨੇ ਇਕ ਵੱਡੀ ਫੋਜ ਇਕੱਠੀ ਕੀਤੀ ਅਤੇ ਨਿਰਮੋਹ ਗੜ੍ਹ ਤੇ ਗੁਰੂ ਜੀ ਉਪਰ ਹਮਲਾ ਕਰ ਦਿਤਾ। ਉਸਨੇ ਸੋਚਿਆ ਸੀ ਕਿ ਕਿਉਂਕਿ ਉਥੇ ਕੋਈ ਕਿਲਾ ਨਹੀਂ ਸੀ, ਗੁਰੂ ਜੀ ਅਤੇ ਸਿੱਖ ਵਧੇਰੇ ਖਤਰੇ ਵਿੱਚ ਹੋਣਗੇ। ਸਿੱਖਾਂ ਨੂੰ ਕਿਸੇ ਹਮਲੇ ਦੀ ਉਮੀਦ ਨਹੀਂ ਸੀ, ਫਿਰ ਵੀ ਉਹ ਥੋਹੜੇ ਸਮੇਂ ਵਿਚ ਲੜਾਈ ਲਈ ਤਿਆਰ ਹੋ ਗਏ। ਸ਼ਾਮ ਹੋਣ ਤੱਕ, ਕਈ ਪਹਾੜੀ ਸੈਨਕ ਮਾਰੇ ਗਏ। ਅਜਮੇਰ ਚੰਦ ਬੁਰੀ ਤਰ੍ਹਾਂ ਘਬਰਾ ਗਿਆ ਅਤੇ ਦੌੜ ਗਿਆ।

ਅਜਮੇਰ ਚੰਦ ਨੇ ਪਰਮਾਨੰਦ ਨੂੰ ਸਰਹੰਦ ਦੇ ਗਵਰਨਰ ਵਜ਼ੀਰ ਖਾਨ ਕੋਲ ਬਹੁਤ ਸਾਰਾ ਪੈਸਾ ਦੇ ਕੇ ਭੇਜਿਆ ਕਿ ਉਸਦੀ ਮਦਦ ਨਾਲ ਗੁਰੂ ਜੀ ਨੂੰ ਜਾਂ ਆਪਣੇ ਕਬਜ਼ੇ ਵਿਚ ਲੈ ਲਵੇ ਜਾਂ ਉਹਨਾਂ ਨੂੰ ਮਾਰ ਦੇਵੇ। ਅਜਮੇਰ ਚੰਦ ਨੇ ਵਜ਼ੀਰ ਖਾਨ ਨੂੰ ਨਿਸ਼ਚਾ ਦਵਾਇਆ ਕਿ ਕੰਮ ਸੁਖਾਲਾ ਹੀ ਹੋਣਾ ਚਾਹੀਦਾ ਹੈ ਕਿਉਂਕਿ ਗੁਰੂ ਜੀ ਉਥੇ ਇਕ ਤੰਬੂ ਵਿਚ ਹਨ ਨ ਕਿ ਕਿਲੇ ਵਿੱਚ।

੧੩ ਅਕਤੂਬਰ ਨੂੰ, ਮੁਗ਼ਲ ਫੋਜ ਦਾ ਇਕ ਬਹੁਤ ਵੱਡਾ ਦਸਤਾ ਨਿਰਮੋਹ ਗੜ੍ਹ ਪਹੁੰਚਿਆ। ਘਮਸਾਨ ਦੀ ਹੋਈ ਲੜਾਈ ਵਿਚ, ਕੁਝ ਜਰਨੈਲ ਅਤੇ ਦੁਸ਼ਮਣ ਫੋਜ ਦੇ ਬਹੁਤ ਸਾਰੇ ਸੈਨਕ ਮਾਰੇ ਗਏ। ਹਾਰੀ ਹੋਈ ਫੋਜ ਵਾਪਸ ਸਰਹੰਦ ਆ ਗਈ।

ਅਗਲੇ ਦਿਨ ੧੪ ਅਕਤੂਬਰ ਨੂੰ, ਅਜਮੇਰ ਚੰਦ ਨੇ ਖੁਦ ਇਕ ਵੱਡੀ ਫੋਜ ਦੀ ਅਗਵਾਈ ਕੀਤੀ ਅਤੇ ਗੁਰੂ ਜੀ ਤੇ ਹਮਲਾ ਕੀਤਾ। ਗੁਰੂ ਜੀ ਨੇ ਸਿੱਖਾਂ ਨੂੰ ਚਾਰ ਗਰੁੱਪਾਂ ਵਿਚ ਵੰਡਿਆ। ਬਹੁਤ ਘਮਸਾਨ ਦਾ ਯੁੱਧ ਹੋਇਆ, ਜਿਸਦੇ ਸਿੱਟੇ ਵਜੋਂ ਦੋਨੋ ਪਾਸੇ ਬਹੁਤ ਗਿਣਤੀ ਵਿੱਚ ਸੈਨਿਕ ਮਰੇ। ਅਜਮੇਰ ਚੰਦ ਲੜਾਈ ਵਿਚ ਇਕ ਵਾਰ ਫਿਰ ਹਾਰ ਗਿਆ।

******************

# ੧੯. ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਦੀ ਸ਼ਹੀਦੀ

**੧੭੦੫** *(ਆਯੂ ੩੯ ਸਾਲ)*: **ਅਜਮੇਰ ਚੰਦ ਦਾ ਆਖਰੀ ਹਮਲਾ:** ਮਾਰਚ ੧੩ ਨੂੰ, ਅਜਮੇਰ ਚੰਦ ਨੇ, ਹੰਦੂਰ ਦੇ ਇਕ ਹੋਰ ਪਹਾੜੀ ਰਾਜਾ ਦੇ ਨਾਲ, ਆਨੰਦਪੁਰ ਤੇ ਹਮਲਾ ਕਰ ਦਿਤਾ। ਇਹ ਯੁੱਧ ਦੋ ਦਿਨ ਚਲਿਆ। ਅਜਮੇਰ ਚੰਦ ਫਿਰ ਯੁੱਧ ਹਾਰ ਗਿਆ। ਫਿਰ ਵੀ, ਉਸਨੇ ਲੜਾਈ ਨੂੰ ਚਲਦਾ ਰਖਣ ਦੀ ਯੋਜਨਾ ਬਣਾਈ। ਉਹ ਸਰਹੰਦ ਦੇ ਗਵਰਨਰ ਵਜ਼ੀਰ ਖਾਨ ਨਾਲ ਮਿਲ ਕੇ ਆਨੰਦਪੁਰ ਨੂੰ ਘੇਰਾ ਪਾਉਣਗੇ ਅਤੇ ਸਾਰੇ ਮਾਲ ਸਬਾਬ ਦੀ ਆਵਾਜਾਈ ਬੰਦ ਕਰ ਦੇਣਗੇ। ਵਿਓਂਤ ਅਨੁਸਾਰ ਗੁਰੂ ਜੀ ਨੂੰ ਆਨੰਦਪੁਰ ਛੱਡਣ ਲਈ ਮਜਬੂਰ ਕਰਨਾ ਸੀ ਕਿਉਂਕਿ ਉਹਨਾਂ ਨੂੰ ਜੰਗ ਦੇ ਮੈਦਾਨ ਵਿਚ ਹਰਾਉਣਾ ਸੰਭਵ ਨਹੀਂ ਸੀ। ਗੁਰੂ ਜੀ ਉਸਦੀ ਚਾਲ ਨੂੰ ਸਮਝ ਗਏ।

ਗੁਰੂ ਜੀ ਨੇ ਅਮਦਾਜਾ ਲਗਾਇਆ ਕਿ ਕਾਫੀ ਸਮਯ ਲਈ ਮੁਸ਼ਕਲਾਂ ਆਣ ਵਾਲੀਆਂ ਸਨ। ਮਾਰਚ ੨੯ ਨੂੰ ਗੁਰੂ ਜੀ ਨੇ ਸਲਾਹ ਦਿਤੀ ਕਿ ਸਾਰੇ ਪਰਵਾਰ ਆਨੰਦਪੁਰ ਛੱਡ ਜਾਣ ਅਤੇ ਕਿਹਾ ਕਿ ਜਿਹੜੇ ਵੀ ਅੰਤਮ ਕੁਰਬਾਨੀ ਦੇਣ ਦੇ ਚਾਹਵਾਨ ਹਨ, ਉਹੀ ਪਿੱਛੇ ਰਹਿ ਜਾਣ। ਅਪ੍ਰੈਲ ੧੭੦੫ ਵਿਚ, ਸਿੱਖਾਂ ਦੇ ਪਰਵਾਰਾਂ ਨੇ ਆਨੰਦਪੁਰ ਦਾ ਸ਼ਹਿਰ ਛੱਡ ਦਿਤਾ।

ਮਈ ੩ ਨੂੰ, ਹਜ਼ਾਰਾਂ ਹੀ ਦੁਸ਼ਮਣ ਸੈਨਕਾਂ ਨੇ ਆਨੰਧਪੁਰ ਸ਼ਹਿਰ ਨੂੰ ਘੇਰਾ ਪਾਉਣਾ ਸ਼ੁਰੂ ਕਰ ਦਿਤਾ। ਇਹ ਸ਼ਹਿਰ ਬਾਕੀ ਦੁਨੀਆਂ ਨਾਲੋਂ ਟੁੱਟ ਗਿਆ। ਸ਼ਹਿਰ ਵਿਚ ਨਾ ਕੋਈ ਆ ਸਕਦਾ ਸੀ ਅਤੇ ਨਾ ਕੋਈ ਬਾਹਰ ਜਾ ਸਕਦਾ ਸੀ। ਕੋਈ ਵੀ ਮਦਦ ਜਾਂ ਰਾਸ਼ਨ ਅੰਦਰ ਆਣ ਤੇ ਰੋਕ ਸੀ। ਮਈ ਤੋਂ ਨਵੰਬਰ ਤੱਕ ਛੇ ਮਹੀਨਿਆਂ ਦੇ ਘੇਰੇ ਕਾਰਨ ਵਾਸੀਆ ਅਤੇ ਘੋੜਿਆਂ ਲਈ ਰਾਸ਼ਨ ਦੀ ਬਹੁਤ ਘਾਟ ਹੋ ਗਈ। ਹਰ ਕੋਈ ਭੁੱਖ ਨਾਲ ਮਰ ਰਿਹਾ ਸੀ।

ਦਸੰਬਰ ੪ ਨੂੰ ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਆਨੰਦਪੁਰ ਤੇ ਕਬਜ਼ਾ ਕਰਨਾ ਅਸੰਭਵ ਸੀ ਜਦ ਤੱਕ ਸਿੱਖ ਕਿਲੇ ਦੇ ਅੰਦਰ ਸਨ। ਉਸਨੇ ਗੁਰੂ ਜੀ ਤੇ ਕਬਜ਼ਾ ਕਰਨ ਲਈ ਇਕ ਧੋਖੇ ਵਾਲੀ ਯੋਜਨਾਂ ਬਣਾਈ। ਬਹੁਤ ਸੰਜੀਦਗੀ ਨਾਲ ਕੁਰਾਨ ਤੇ ਸੌਗੰਧ ਖਾ ਕੇ, ਔਰੰਗਜ਼ੇਬ ਨੇ ਸਿੱਖਾਂ ਨੂੰ ਇਕ ਸੁਰੱਖਿਅਤ ਰਸਤੇ ਆਨੰਦਪੁਰ ਨੂੰ ਛੱਡ ਜਾਣ ਦਾ ਪਰਸਤਾਵ ਦਿੱਤਾ।

**ਦਸੰਬਰ ੫ ਤੋਂ ੬ ਤੱਕ:** ਪਾਕ-ਪਵਿੱਤਰ ਸੌਗੰਧ ਤੇ ਵਿਸ਼ਵਾਸ ਕਰਦਿਆਂ ਹੋਇਆਂ, ਗੁਰੂ ਜੀ ਨੇ ੫-੬ ਦਸੰਬਰ ਦੀ ਰਾਤ ਨੂੰ ਆਨੰਦਪੁਰ ਖਾਲੀ ਕਰ ਦਿਤਾ। ਜਿਵੇਂ ਹੀ ਗੁਰੂ ਜੀ ਅਤੇ ਸਿੱਖ ਆਨੰਦਪੁਰ ਤੋਂ ਬਾਹਰ ਆਏ, ਪਹਾੜੀ ਰਾਜਿਆਂ ਅਤੇ ਮੁਗ਼ਲ ਫੋਜ ਨੇ ਉਹਨਾਂ ਤੇ ਹਮਲਾ ਕਰ ਦਿਤਾ। ਬਹੁਤ ਸਾਰੇ ਸਿੱਖ ਮਾਰੇ ਗਏ ਅਤੇ ਗੁਰੂ ਜੀ ਦਾ ਨਿੱਜੀ ਸਾਜ਼-ਬਾਜ਼ ਅਤੇ ਬਹੁ-ਕੀਮਤੀ ਖਰੜੇ ਗੁਆਚ ਗਏ। ਗੁਰੂ ਜੀ ਨੇ ਆਨੰਦਪੁਰ ਤੋਂ ੨੫ ਮੀਲ ਦੂਰ ਚਮਕੌਰ ਵੱਲ ਦਾ ਰਸਤਾ ਲਿਆ ਜਦ ਉਸ ਵੇਲੇ ਨਾਲ ਸਿਰਫ਼ ਚਾਲੀ ਸਿੱਖ ਅਤੇ ਦੋਨੋ ਵੱਡੇ ਸਾਹਿਬਜ਼ਾਦੇ ਸਨ: ਅਜੀਤ ਸਿੰਘ ਅਤੇ ਜੁਝਾਰ ਸਿੰਘ। ਪਿੰਡਾਂ ਵਾਲਿਆਂ ਨੇ ਬੜੇ ਪਿਆਰ ਸਤਿਕਾਰ ਨਾਲ ਗੁਰੂ ਜੀ ਦਾ ਸੁਆਗਤ ਕੀਤਾ। ਗੁਰੂ ਜੀ ਨੇ ਸੁਰੱਖਿਆ ਦੀ ਉਸਾਰੀ ਕੀਤੀ ਅਤੇ ਰਾਤ ਵੇਲੇ ਕਿਲਾਬੰਦੀ ਕੀਤੀ। ਗੁਰੂ ਜੀ ਨੇ ਸਾਰੇ ਪਾਸੇ ਸਿੱਖਾਂ ਦੇ ਪਹਿਰੇ ਲਗਾ ਦਿਤੇ ਅਤੇ ਆਪ ਛੱਤ ਉਪਰ ਮੋਰਚਾ ਸੰਭਾਲ ਲਿਆ। ਸਵੇਰ ਹੋਣ ਤੱਕ, ਕਈ ਹਜ਼ਾਰਾਂ ਦੀ ਗਿਣਤੀ ਵਿਚ ਫੋਜਾਂ ਪਹੁੰਚ ਗਈਆਂ ਅਤੇ ਉਸ ਗੜ੍ਹੀ ਨੂੰ ਘੇਰਾ ਪਾ ਲਿਆ।

ਜਰਨੈਲਾਂ ਨੂੰ ਪਤਾ ਸੀ ਕਿ ਗੜ੍ਹੀ ਦੇ ਅੰਦਰ ਬਹੁਤ ਘੱਟ ਸਿੱਖ ਹਨ। ਸਵੇਰੇ ਤੜਕੇ ਹੀ, ਉਹਨਾਂ ਨੇ ਫੋਜਾਂ ਨੂੰ ਹਮਲਾ ਕਰਨ ਦਾ ਹੁਕਮ ਦੇ ਦਿਤਾ। ਗੜ੍ਹੀ ਦੇ ਅੰਦਰੋਂ, ਤੀਰਾਂ ਦੀ ਤੇਜ਼ ਬੁਛਾੜ ਤੋਂ ਲਗਦਾ ਸੀ ਕਿ ਗੜ੍ਹੀ ਦੇ ਅੰਦਰ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸਨ। ਆਖਰਕਾਰ, ਸਿੱਖਾਂ ਕੋਲ ਤੀਰਾਂ ਦੀ ਘਾਟ ਹੋ ਗਈ। ਸਿੱਖਾਂ ਨੇ ਗੜ੍ਹੀ ਦਾ ਦਰਵਾਜਾ ਖੋਹਲ ਦਿਤਾ ਅਤੇ ਬੜੀ ਤਰਕੀਬ ਨਾਲ ਤਲਵਾਰਾਂ ਅਤੇ ਬਰਛਿਆਂ ਨਾਲ ਬਾਹਰ ਆਕੇ ਲੜੇ। ਸਾਰੇ ਸਿੱਖ ਸ਼ਹੀਦੀ ਪ੍ਰਾਪਤ ਕਰ ਗਏ।

**੭ ਦਸੰਬਰ:** ੧੮ ਸਾਲ ਦੀ ਉਮਰ ਦੇ ਵੱਡੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਸਿੱਖਾਂ ਦੇ ਨਾਲ ਮਿਲਕੇ ਲੜਾਈ ਵਿਚ ਜੌਹਰ ਦਿਖਾਉਣ ਲਈ ਗੁਰੂ ਜੀ ਪਾਸੋਂ ਆਗਿਆ ਮੰਗੀ। ਗੁਰੂ ਜੀ ਮੰਨ ਗਏ ਅਤੇ ਮੁਗ਼ਲਾਂ ਨਾਲ ਲੜਨ ਲਈ ਉਸਨੂੰ ਆਪ ਪੁਸ਼ਾਕ ਪਹਿਨਾਈ। ਸਾਹਿਬਜ਼ਾਦਾ ਅਜੀਤ ਸਿੰਘ ਅਤੇ ਪੰਜ ਸਿੱਖ ਤੁਫ਼ਾਨ ਦੀ ਤਰ੍ਹਾਂ ਗੜ੍ਹੀ ਵਿਚੋਂ ਬਾਹਰ ਨਿਕਲੇ। ਜਦ ਸੈਨਕਾਂ ਨੇ ਉਸਨੂੰ ਦੇਖਿਆ, ਉਹਨਾਂ ਨੇ ਉਸ ਤੇ ਕਬਜ਼ਾ ਕਰਨ ਦੀ ਕੋਸ਼ਸ਼ ਕੀਤੀ। ਸਿੱਖ ਅਤੇ ਸਾਹਿਬਜ਼ਾਦਾ ਬਹੁਤ ਪ੍ਰਚੰਡਤਾ ਅਤੇ ਦ੍ਰਿੜ ਇਰਾਦੇ ਨਾਲ ਲੜੇ, ਭਾਵੇਂ ਕਿ ਉਹਨਾਂ ਦੇ ਸਾਹਮਣੇ ਬਹੁਤ ਵੱਡੀ ਫੋਜ ਸੀ। ਗੁਰੂ ਜੀ ਨੇ ਗੜ੍ਹੀ ਦੀ ਛੱਤ ਉਪਰੋਂ ਸਾਰਾ ਦ੍ਰਿਸ਼ ਦੇਖਿਆ ਕਿ ਕਿਸ ਤਰ੍ਹਾਂ ਉਹਨਾਂ ਨੇ ਬਹੁਤ ਸਾਰੇ ਮੁਗ਼ਲ ਸੈਨਕਾਂ ਨੂੰ ਸ਼ਹੀਦ ਕੀਤਾ ਅਤੇ ਖੁਦ ਸਾਰੇ ਸ਼ਹੀਦ ਹੋ ਗਏ।

ਵੱਡੇ ਭਰਾ ਦੀ ਸਹੀਦੀ ਨੇ ੧੪ ਸਾਲ ਦੇ ਛੋਟੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਉਤਸ਼ਾਹਤ ਕੀਤਾ ਕਿ ਉਹ ਵੀ ਆਗਿਆ ਲੈ ਕੇ ਘਮਸਾਨ ਦੀ ਜੰਗ ਵਿਚ ਜੂਝੇ। ਗੁਰੂ ਜੀ ਨੇ ਖੁਦ ਜੁਝਾਰ ਸਿੰਘ ਨੂੰ ਪੁਸ਼ਾਕ ਪਹਿਨਾਈ ਅਤੇ ਪੰਜ ਸਿੱਖਾਂ ਨਾਲ ਗੜ੍ਹੀ ਤੋਂ ਬਾਹਰ ਭੇਜਿਆ ਤਾਕਿ ਉਹ ਭਾਰੀ ਮੁਗ਼ਲ ਫੋਜਾਂ ਤੇ ਹਮਲਾ ਕਰ ਸਕਣ। ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਪੰਜ ਸਿੱਖਾਂ ਨੇ ਬਹੁਤ ਬਹਾਦਰੀ ਨਾਲ ਲੜੇ ਅਤੇ ਕਈ ਮੁਗ਼ਲ ਸੈਨਕਾਂ ਨੂੰ ਮਾਰਦੇ ਹੋਏ ਖੁਦ ਚਮਕੌਰ ਵਿਚ ਸਹੀਦੀ ਪ੍ਰਾਪਤ ਕਰ ਗਏ।

***********************

# ੨੦. ਉੱਚ ਦਾ ਪੀਰ

**੮ ਦਸੰਬਰ:** ਪੰਥ (ਸਿੱਖ ਸੰਗਤਾਂ) ਦਾ ਹੁਕਮ ਮੰਨਦਿਆਂ ਹੋਇਆਂ, ਗੁਰੂ ਗੋਬਿੰਦ ਸਿੰਘ ਜੀ ਨੇ ਰਾਤ ਦੇ ਹਨੇਰੇ ਵਿਚ ਚਮਕੌਰ ਦੀ ਗੜ੍ਹੀ ਨੂੰ ਛੱਡ ਦਿਤਾ। ਸੁਬਹ ਸਵੇਰੇ, ਗੁਰੂ ਜੀ ਇਕ ਬਾਗ਼ ਵਿਚ ਪਹੁੰਚ ਗਏ ਅਤੇ ਇਕ ਦਰਖਤ ਹੇਠਾਂ ਗੂਹੜੀ ਨੀਂਦ ਸੌਂ ਗਏ। ਭਾਈ ਦਇਆ ਸਿੰਘ, ਧਰਮ ਸਿੰਘ ਅਤੇ ਮਾਨ ਸਿੰਘ ਨੇ ਗੁਰੂ ਜੀ ਨੂੰ ਉਥੇ ਜਾ ਲਭਿਆ ਅਤੇ ਗੁਰੂ ਜੀ ਦੇ ਨਾਲ ਰਹੇ। ਗੁਰੂ ਜੀ ਦੇ ਸ਼ਰਧਾਲੂ ਦੋ ਭਰਾ, ਨਬੀ ਖਾਨ ਅਤੇ ਗ਼ਨੀ ਖਾਨ ਗੁਰੂ ਜੀ ਨੂੰ ਮਿਲਣ ਆਏ। ਉਹ ਗੁਰੂ ਜੀ ਨੂੰ ਆਪਣੇ ਘਰ ਲੈ ਗਏ, ਸ਼ਰਧਾ ਅਤੇ ਸਤਿਕਾਰ ਨਾਲ ਗੁਰੂ ਜੀ ਦੀ ਸੇਵਾ ਕੀਤੀ।

ਨਬੀ ਖਾਨ ਅਤੇ ਗ਼ਨੀ ਖਾਨ ਲੁਧਿਆਣਾ ਜ਼ਿਲੇ ਵਿਚ ਮਾਛੀਵਾੜਾ ਨਗਰ ਦੇ ਵਸਨੀਕ ਸਨ। ਉਹ ਘੋੜਿਆਂ ਦੇ ਵਪਾਰੀ ਸਨ ਅਤੇ ਦੂਰ ਨੇੜੇ ਦੇ ਲੋਕ ਉਹਨਾਂ ਨੂੰ ਜਾਣਦੇ ਸਨ। ਘੋੜੇ ਵੇਚਣ ਲਈ ਉਹ ਅਕਸਰ ਆਨੰਦਪੁਰ ਆਇਆ ਕਰਦੇ ਸਨ। ਉਹ ਬਹੁਤ ਪ੍ਰਭਾਵਤ ਹੋਏ ਕਿ ਸਿੱਖ ਸਿਖਿਆਵਾਂ ਅਨੁਸਾਰ ਹਰ ਕਿਸੇ ਨਾਲ ਇਕੋ ਜਿਹਾ ਮਾਣ ਸਤਿਕਾਰ ਕੀਤਾ ਜਾਂਦਾ ਸੀ। ਉਹ ਗਰੁ ਜੀ ਦੇ ਸ਼ਰਧਾਲੂ ਬਣ ਗਏ ਸਨ।

ਰਾਤ ਵੇਲੇ ਇਕ ਯੋਜਨਾ ਬਣਾਈ ਗਈ ਕਿ ਗੁਰੂ ਜੀ ਨੂੰ "ਉਚ ਦਾ ਪੀਰ" ਵਜੋਂ ਪੇਸ ਕੀਤਾ ਜਾਵੇ (ਮੁਲਤਾਨ ਤੋਂ ਮੁਸਲਮਾਨਾਂ ਦਾ ਇਕ ਸਾਧੂ ਸੰਤ) ਅਤੇ ਮੁਗ਼ਲ ਫੌਜ ਤੋਂ ਬਚਾ ਕੇ ਸਹੀ ਸੁਰੱਖਿਆ ਨਾਲ ਬਾਹਰ ਲੈ ਕੇ ਜਾਇਆ ਜਾਵੇ। ਮੁਸਲਮਾਨਾਂ ਵਿਚ ਇਕ ਪ੍ਰਥਾ ਅਨੁਸਾਰ ਗੁਰੂ ਜੀ ਨੂੰ ਨੀਲੇ ਬਸਤਰ ਪਹਿਨਾਏ ਗਏ ਅਤੇ ਇਕ ਪਲੰਘ ਤੇ ਬਿਠਾਇਆ ਗਿਆ। ਦੋਨੋਂ ਭਰਾ ਅਤੇ ਤਿੰਨ ਸਿੱਖਾਂ ਨੇ ਵੀ ਨੀਲੇ ਬਸਤਰ ਪਹਿਨ ਲਏ। ਨਬੀ ਖਾਨ ਅਤੇ ਗ਼ਨੀ ਖਾਨ ਨੇ ਪਲੰਘ ਦਾ ਅਗਲਾ ਪਾਸਾ ਮੋਢਿਆਂ ਉਪਰ ਚੁਕ ਲਿਆ ਤਾਕਿ ਕਿਸੇ ਵੀ ਮੁਗ਼ਲ ਸੈਨਕ ਦੇ ਅੱਗੇ ਆਉਣ ਵੇਲੇ ਚੰਗੀ ਤਰ੍ਹਾਂ ਨਜਿਠਿਆ ਜਾ ਸਕੇ। ਭਾਈ ਦਇਆ ਸਿੰਘ ਗੁਰੂ ਜੀ ਦੇ ਸਿਰ ਉਪਰ ਮੋਰ-ਪੰਖਾਂ ਦਾ ਪੰਖਾ ਝੁਲਾਉਂਦਾ ਰਿਹਾ। ਭਾਈ ਧਰਮ ਸਿੰਘ ਅਤੇ ਮਾਨ ਸਿੰਘ ਨੇ ਪਲੰਘ ਦਾ ਪਿਛਲਾ ਪਾਸਾ ਚੁੱਕੀ ਰਖਿਆ।

ਮੁਗ਼ਲ ਸੈਨਕਾਂ ਦਾ ਸਾਹਮਣਾ ਕਰਨ ਵੇਲੇ, ਪੀਰ ਮੁਹੰਮਦ ਕਾਜ਼ੀ ਨੇ, ਜਿਸ ਨੇ ਗੁਰੂ ਜੀ ਨੂੰ ਫ਼ਾਰਸੀ ਪੜ੍ਹਾਈ ਸੀ, ਸੈਨਕਾਂ ਨੂੰ ਦਸਿਆ ਕਿ ਉਹ "ਉਚ ਦੇ ਪੀਰ" ਦੇ ਅੰਗ-ਰਖਿਅਕ ਵਜੋਂ ਚਲ ਰਹੇ ਸਨ। ਮੁਗ਼ਲ ਸੈਨਕਾਂ ਨੇ ਕਾਜ਼ੀ ਦਾ ਕਿਹਾ ਮੰਨ ਲਿਆ ਅਤੇ ਉਹਨਾਂ ਨੂੰ ਅੱਗੇ ਲੰਘ ਜਾਣ ਦਿਤਾ। ਗੁਰੂ ਜੀ ਨੂੰ ਸਤਿਕਾਰਤ ਪੀਰ ਵਜੋਂ ਬਣਾ ਕੇ, ਦੋਨੋ ਭਰਾ ਗੁਰੁ ਜੀ ਨੂੰ ਮੁਗ਼ਲ ਫੋਜ ਦੇ ਖਤਰੇ 'ਚੋਂ ਬਚਾ ਕੇ ਆਲਮਗੀਰ, ਲੁਧਿਆਣਾ ਜ਼ਿਲੇ ਵਿਚ ਲੈ ਗਏ। ਗੁਰੂ ਜੀ ਨੇ ਉਹਨਾਂ ਦਾ ਧੰਨਵਾਦ ਕੀਤਾ ਅਤੇ ਇਕ ਮਾਣ-ਪੱਤਰ ਸਹਿਤ ਉਹਨਾਂ ਨੂੰ ਵਿਦਾ ਕੀਤਾ।

*******************

# ੨੧. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਦੀ ਸ਼ਹੀਦੀ

**੧੩ ਦਸੰਬਰ:** ਸਾਹਿਬਜ਼ਾਦਾ ਜ਼ੋਰਾਵਰ ਸਿੰਘ (ਜਨਮ ੧੬੯੬, ਉਮਰ ੯ ਸਾਲ) ਅਤੇ ਫਤਹਿ ਸਿੰਘ (ਜਨਮ ੧੬੯੮, ਉਮਰ ੭ ਸਾਲ) ਗੁਰੂ ਜੀ ਦੇ ਛੋਟੇ ਸਾਹਿਬਜ਼ਾਦੇ ਸਨ। ਦੋਨੋ ਸਾਹਿਬਜ਼ਾਦੇ ਅਤੇ ਮਾਤਾ ਗੂਜਰੀ ਜੀ, ਗੁਰੂ ਜੀ ਦੇ ਮਾਤਾ ਜੀ, ਗੁਰੂ ਜੀ ਨਾਲੋਂ ਉਸ ਹਫ਼ੜਾ ਦਫ਼ੜੀ ਵਿਚ ਵਿੱਛਵ ਗਏ ਸਨ ਜੋ ਆਨੰਦਪੁਰ ਛੱਡਣ ਵੇਲੇ ਵਾਪਰੀ। ਮਾਤਾ ਜੀ ਅਤੇ ਦੋਨੋ ਛੋਟੇ ਸਾਹਿਬਜ਼ਾਦਿਆਂ ਨੂੰ ਉਹਨਾਂ ਦਾ ਪੁਰਾਣਾ ਨੌਕਰ ਗੰਗੂ ਆਪਣੇ ਘਰ ਆਪਣੇ ਨਾਲ ਲੈ ਗਿਆ। ਰਾਤ ਵੇਲੇ, ਜਦੋਂ ਗੰਗੂ ਨੇ ਕੁਝ ਹੀਰੇ ਅਤੇ ਸੋਨੇ ਦੀਆਂ ਮੋਹਰਾਂ ਮਾਤਾ ਜੀ ਦੇ ਕੋਲ ਦੇਖੀਆਂ, ਉਸਨੂੰ ਲਾਲਚ ਆ ਗਿਆ ਅਤੇ ਉਸਨੇ ਉਹ ਕੀਮਤੀ ਵਸਤਾਂ ਚੁਰਾ ਲਈਆਂ। ਸਵੇਰ ਹੋਣ ਵੇਲੇ, ਜਦ ਮਾਤਾ ਜੀ ਨੇ ਪੁਛਿਆ ਤਾਂ ਗੰਗੂ ਨੇ ਕੁਝ ਵੀ ਜਾਨਣ ਤੋਂ ਇਨਕਾਰ ਕਰ ਦਿਤਾ। ਗੰਗੂ ਡਰ ਗਿਆ ਕਿ ਮਾਤਾ ਹੀ ਸ਼ਾਇਦ ਇਸ ਸ਼ੱਕ ਬਾਰੇ ਕਿਸੇ ਹੋਰ ਨੂੰ ਦਸ ਦੇਣਗੇ। ਉਸ ਨੇ ਮਾਤਾ ਜੀ ਤੋਂ ਛੁਟਕਾਰਾ ਪਾਉਣ ਦਾ ਫੈਸਲਾ ਕੀਤਾ। ਉਹ ਨੇੜੇ ਦੇ ਪੁਲਸ ਚੌਂਕੀ ਤੇ ਗਿਆ ਅਤੇ ਮਾਤਾ ਜੀ ਅਤੇ ਦੋਨੋ ਸਾਹਿਬਜ਼ਾਦਿਆਂ ਦੇ ਟਿਕਾਣੇ ਬਾਰੇ ਦਸ ਦਿਤਾ। ਮੁਗ਼ਲ ਪੁਲਸ ਆਈ ਅਤੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ।

ਸਰਹੰਦ ਦੇ ਗਵਰਨਰ ਵਜ਼ੀਰ ਖਾਨ ਨੂੰ ਜਿਸ ਵੇਲੇ ਇਸ ਗ੍ਰਿਫਤਾਰੀ ਦਾ ਪਤਾ ਚਲਿਆ ਤਾਂ ਉਹ ਬਹੁਤ ਖ਼ੁਸ਼ ਹੋਇਆ। ਉਸਨੇ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਬਿਨਾਂ ਕਿਸੇ ਖਾਣ-ਪੀਣ ਦੇ ਇਕ ਠੰਢੇ ਬੁਰਜ ਵਿਚ ਕੈਦ ਕਰ ਦਿਤਾ। ਸਰਦੀ ਦੀਆਂ ਠੰਢੀਆਂ ਰਾਤਾਂ ਵੇਲੇ ਉਹਨਾਂ ਨੂੰ ਕੋਈ ਗਰਮ ਕਪੜੇ ਜਾਂ ਕੰਬਲ ਨਾ ਦਿਤੇ ਗਏ, ਜਦ ਕਿ ਦਸੰਬਰ ਦਾ ਮਹੀਨਾ ਪੰਜਾਬ ਵਿਚ ਬਹੁਤ ਠੰਢਾ ਹੁੰਦਾ ਹੈ। ਅਗਲੇ ਦਿਨ ਇਕ ਸਿਪਾਹੀ ਨੂੰ ਭੇਜਿਆ ਗਿਆ ਕਿ ਉਹ ਉਹਨਾਂ ਨੂੰ ਕਚਹਿਰੀ ਲੈ ਆਵੇ। ਉਸ ਵੇਲੇ ਦਾਦੀ ਮਾ ਨੇ ਸਾਹਿਬਜ਼ਾਦਿਆਂ ਨੂੰ ਸਿਖਿਆ ਦਿਤੀ ਕਿ ਗਵਰਨਰ ਦੇ ਲਾਲਚਾਂ ਜਾਂ ਡਰਾਉਣ ਦੇ ਸਾਹਮਣੇ ਧਰਮ ਨੂੰ ਬਿਲਕੁਲ ਨਹੀਂ ਛੱਡਣਾ।

ਵਜ਼ੀਰ ਖਾਨ ਨੇ ਸਾਹਿਬਜ਼ਾਦਿਆਂ ਦੇ ਵਿਰੁੱਧ ਕਾਜ਼ੀ ਪਾਸੋਂ ਇਕ ਫਤਵਾ (ਧਾਰਮਿਕ ਹੁਕਮ) ਮਨਜ਼ੂਰ ਕਰਵਾ ਲਿਆ। ਸਾਹਿਬਜ਼ਾਦਿਆਂ ਨੂੰ ਕਿਹਾ ਗਿਆ ਕਿ ਉਹ ਜਾਂ ਤਾਂ ਮੁਸਲਿਮ ਧਰਮ ਕਬੂਲ ਕਰ ਲੈਣ, ਜਾਂ ਫਿਰ ਮਰਨ ਲਈ ਤਿਆਰ ਹੋ ਜਾਣ। ਛੋਟੇ ਬੱਚੇ ਹੋਂਦਿਆਂ ਵੀ ਸਾਹਿਬਜ਼ਾਦੇ ਪੂਰੀ ਤ੍ਰਾਂ ਦ੍ਰਿੜ ਰਹੇ ਅਤੇ ਇਸਲਾਮ ਕਬੂਲ ਕਰਨ ਤੋਂ ਜਾਂ ਝੁਕਣ ਤੋਂ ਇਨਕਾਰ ਕਰ ਦਿਤਾ। ਵਜ਼ੀਰ ਖਾਨ ਦੇ ਹੁਕਮਾਂ ਅਨੁਸਾਰ, ਸਾਹਿਬਜ਼ਾਦਿਆਂ ਨੂੰ ਜੀਊਂਦਿਆ ਇੱਟਾਂ ਵਿਚ ਚਿਣ ਦਿਤਾ ਗਿਆ। ਅਫ਼ਸੋਸ, ਕਿ ਮਾਸੂਮ ਬੱਚੇ ਸਾਹਿਬਜ਼ਾਦਿਆਂ ਵਿਰੁੱਧ ਇਸ ਕਾਰੇ ਲਈ ਵਜ਼ੀਰ ਖਾਨ ਨੂੰ ਇਕ ਹਿੰਦੂ ਮੰਤਰੀ -ਸੁੱਚਾ ਨੰਦ - ਨੇ ਭੜਕਾਇਆ। ਉਹਨਾਂ ਦੀ ਦਾਦੀ ਮਾਂ ਨੇ ਉਸੇ ਰਾਤ ਸ਼ਰੀਰ ਤਿਆਗ ਦਿਤਾ। ਟੋਡਰ ਮੱਲ ਦੇ ਵੰਸ਼ਜ ਨੇ ਤਿੰਨਾਂ ਦੇ ਸਰੀਰਾਂ ਦਾ ਸਸਕਾਰ ਕੀਤਾ। ਸਾਹਿਬਜ਼ਾਦਿਆਂ ਦੀ ਅੰਤਮ ਬਹਾਦਰੀ ਨੂੰ ਸ਼ਰਧਾਂਜਲੀ ਦੇਣ ਵਜੋਂ ਬਣਿਆ ਮਸ਼ਹੂਰ ਗੁਰਦੁਆਰਾ ਫਤਹਿ ਗੜ੍ਹ ਸਾਹਿਬ ਅੱਜ ਵੀ ਉਸ ਸਥਾਨ ਤੇ ਸੁਸ਼ੋਭਤ ਹੈ।

******************

# ੨੨. ਔਰੰਗਜ਼ੇਬ ਨੂੰ 'ਜ਼ਫ਼ਰਨਾਮਾ' ਭੇਜਣਾ

**੨੨ ਦਸੰਬਰ:** ਗੁਰੂ ਜੀ ਇਕ ਹੋਰ ਮੁਸਲਿਮ ਪ੍ਰਸੰਸਕ, ਰਾਇਕੋਟ ਦੇ ਰਾਏ ਕਾਲ੍ਹਾ, ਕੋਲ ਪੰਜਾਬ ਦੇ ਮਾਲਵਾ ਖੇਤਰ ਦੇ ਵਿਚਕਾਰ ਦੀਨਾ ਪਹੁੰਚੇ। ਉਥੇ ਗੁਰੂ ਜੀ ਨੇ ਕੁਝ ਸੈਂਕੜੇ ਯੋਧਿਆਂ ਨੂੰ ਆਪਣੇ ਨਾਲ ਸ਼ਾਮਲ ਕੀਤਾ। ਗੁਰੂ ਜੀ ਨੇ ਆਪਣੇ ਅਹਿਮ ਪੱਤਰ 'ਜ਼ਫ਼ਰਨਾਮਾ' (ਜਿੱਤ ਦਾ ਪੈਗ਼ਾਮ) ਦੀ ਰਚਨਾ ਵਿਸ਼ੇਸ਼ ਕਰਕੇ ਫ਼ਾਰਸੀ ਕਵਿਤਾ ਵਿਚ ਕੀਤੀ, ਜੋ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਸੰਬੋਧਤ ਸੀ। ਇਸ ਪੱਤਰ ਦੀ ਸ਼ੈਲੀ ਇਸ ਦੇ ਸਿਰਲੇਖ ਅਨੁਸਾਰ ਸੀ। ਗੁਰੂ ਜੀ ਨੇ ਚਾਲਬਾਜ਼ ਮੁਗ਼ਲ ਸ਼ਹਿਨਸ਼ਾਹ ਉੱਪਰ ਇਕ ਨੈਤਿਕ ਜਿੱਤ ਹਾਸਲ ਕੀਤੀ ਸੀ, ਜਿਸਨੇ ਆਪਣੀਆਂ ਸਾਰੀਆਂ ਸੌਗੰਧਾਂ ਤੋੜ ਦਿਤੀਆਂ ਸਨ। ਸਾਰਾ ਪੱਤਰ ਇਕ ਮਹਾਨ ਵਿਅੱਕਤੀ ਵਲੋਂ ਇਕ ਨੀਵੇਂ ਪੱਧਰ ਵਾਲੇ ਨੂੰ ਉਸਦੀਆਂ ਕਮਜ਼ੋਰੀਆਂ ਅਤੇ ਵਧੀਕੀਆਂ ਪ੍ਰਤੀ ਝਿੜਕ ਦੀ ਤਰ੍ਹਾਂ ਲਿਖਿਆ ਹੋਇਆ ਸੀ। ਜਾਣਕਾਰੀ ਦੇ ਤੌਰ ਤੇ, ਇਹ ਪੱਤਰ ਸ਼ਹਿਨਸ਼ਾਹ ਨੂੰ ਅਤੇ ਉਸਦੇ ਸੈਨਾਪਤੀਆਂ ਨੂੰ ਇਕ ਅਤਿ-ਕਠੋਰ ਦਾ ਆਰੋਪਣ ਸੀ। ਉਹਨਾਂ ਨੇ ਕੁਰਾਨ ਉੱਪਰ ਖਾਧੀ ਸੌਗੰਧ ਦਾ ਮਾਣ ਨਹੀਂ ਕੀਤਾ ਸੀ ਅਤੇ ਗੁਰੂ ਜੀ ਤੇ ਹਮਲਾ ਕਰ ਦਿਤਾ ਜਦ ਉਹ ਆਨੰਦਪੁਰ ਦੇ ਕਿਲੇ ਦੀ ਸੁਰੱਖਿਅਤਾ ਤੋਂ ਬਾਹਰ ਆਏ। ਮੁਗ਼ਲਾਂ ਨੇ ਭਾਵੇਂ ਸਾਰੇ ਸਿੱਖਾਂ ਨੂੰ ਕਿਲੇ ਨੂੰ ਛੱਡ ਕੇ ਇਸ ਵਿਚੋਂ ਬਾਹਰ ਸੁਰੱਖਿਅਤ ਜਾਣ ਦਾ ਵਾਅਦਾ ਕੀਤਾ ਸੀ। ਇਹ ਵਾਅਦਾ ਰਾਜ ਦੇ ਨੈਤਿਕ ਮਾਮਲਿਆਂ ਵਿਚ ਉਤਨੀ ਹੀ ਮਹੱਤਤਾ ਰਖਦਾ ਸੀ, ਜਿਤਨਾ ਕਿ ਮਨੁੱਖੀ ਸਬੰਧਾਂ ਵਿਚ ਹੁੰਦਾ ਹੈ। ਇਹ ਕਹਿੰਦਾ ਹੈ ਕਿ ਵਰਤੇ ਗਏ ਸਾਧਨ ਉਤਨੇ ਹੀ ਜ਼ਰੂਰੀ ਹਨ ਜਿੰਨਾ ਕਿ ਉਦੇਸ਼ ਕੀਤੇ ਸਿੱਟੇ।

ਦਇਆ ਸਿੰਘ ਅਤੇ ਧਰਮ ਸਿੰਘ ਨੂੰ 'ਜ਼ਫ਼ਰਨਾਮਾ' ਦੇ ਕੇ ਔਰੰਗਜ਼ੇਬ ਨੂੰ ਦੇਣ ਲਈ ਦੱਖਣ ਵਿਚ ਭੇਜਿਆ ਗਿਆ। 'ਜ਼ਫ਼ਰਨਾਮਾ' ਪੜ੍ਹਨ ਤੇ, ਔਰੰਗਜ਼ੇਬ ਦਾ ਗੁਰੂ ਜੀ ਪ੍ਰਤੀ ਰੁਖ਼ ਨਰਮ ਹੋ ਗਿਆ। ਐਹਕਮ-ਆਲਮਗੀਰੀ ਦੇ ਅਨੁਸਾਰ, ਸ਼ਹਿਨਸ਼ਾਹ ਨੇ ਲਾਹੌਰ ਦੇ ਮੀਤ ਗਵਰਨਰ ਮੁਨੀਮ ਖਾਨ ਨੂੰ ਇਕ ਪੱਤਰ ਲਿਖਿਆ ਕਿ ਗੁਰੂ ਜੀ ਨਾਲ ਮਿਤੱਰਤਾ ਕਾਇਮ ਕਰ ਲਈ ਜਾਵੇ ਅਤੇ ਗੁਰੂ ਜੀ ਦੀ ਦੱਖਣ ਵੱਲ ਯਾਤਰਾ ਲਈ ਸਾਰੇ ਪ੍ਰਬੰਧ ਕੀਤੇ ਜਾਣ।

******************

# ੨੩. ਚਾਲੀ ਮੁਕਤੇ, ਅਮਰ ਸ਼ਹੀਦ

**ਦਸੰਬਰ ੨੯:** ਗੁਰੂ ਜੀ ਦੀਨਾ ਤੋਂ ਤਲਵੰਡੀ ਸਾਬੋ ਜਾ ਰਹੇ ਸਨ। ਸ਼ਹਿਨਸ਼ਾਹ ਅਕਬਰ ਨੇ ਹੁਕਮ ਕੀਤਾ ਕਿ ਜਦ ਫੋਜਾਂ ਗੁਰੂ ਜੀ ਦੀ ਢੂੰਡ-ਭਾਲ ਕਰ ਰਟਹੀਆਂ ਹੋਣ ਕੋਈ ਵੀ ਗੁਰੂ ਜੀ ਦੀ ਮਦਦ ਨ ਕਰੇ ਅਤੇ ਨ ਹੀਂ ਗੁਰੂ ਜੀ ਨੂੰ ਆਸਰਾ ਦੇਵੇ। ਪਰ, ਗੁਰੂ ਜੀ ਦੇ ਸ਼ਰਧਾਲੂ ਇਸ ਹੁਕਮ ਤੋਂ ਨ ਡਰੇ ਅਤੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾ ਗੁਰੂ ਜੀ ਦੀ ਮਦਦ ਕੀਤੀ। ਅਜਿਹੇ ਸ਼ਰਧਾਲੂ ਕੇਵਲ ਸਿੱਖ ਹੀ ਨਹੀਂ ਸਨ, ਪਰ ਮੁਸਲਿਮ ਵੀ ਸਨ।

ਗੁਰੂ ਜੀ ਜਦ ਜੈਤੋ ਪਹੁੰਚੇ, ਤਾਂ ਪਤਾ ਚਲਿਆ ਕਿ ਵਜ਼ੀਰ ਖਾਨ ਪੰਜ ਹਜ਼ਾਰ ਸੈਨਕਾਂ ਦੀ ਫੋਜ ਨਾਲ ਆ ਰਿਹਾ ਸੀ ਅਤੇ ਚਾਰ ਜਾਂ ਪੰਜ ਦਿਨਾਂ ਵਿਚ ਉਥੇ ਪਹੁੰਚਣ ਵਾਲਾ ਸੀ। ਗੁਰੂ ਜੀ ਨੇ ਖਦਰਾਣਾ ਸਥਾਨ ਦੇ ਨੇੜੇ ਝੀਲ ਦੇ ਕਿਨਾਰੇ ਮੁਗ਼ਲ ਫੋਜ ਦਾ ਸਾਹਮਣਾ ਕਰਨ ਦੀ ਯੋਜਨਾ ਬਣਾਈ।

ਇਸਤੋਂ ਪਹਿਲਾਂ, ਚਾਲੀ ਸਿੱਖਾਂ ਦੀ ਇਕ ਮੰਡਲੀ ਨੇ ਆਨੰਦਪੁਰ ਵਿਚ ਲੰਬੇ ਘੇਰੇ ਦੇ ਦੌਰਾਨ ਗੁਰੂ ਜੀ ਦਾ ਸਾਥ ਛੱਡ ਦਿਤਾ ਸੀ। ਜਾਣ ਤੋਂ ਪਹਿਲਾਂ ਉਹਨਾਂ ਨੇ ਇਕ ਕਾਗਜ਼ ਤੇ ਬੇਦਾਵਾ ਲਿਖਿਆ ਸੀ ਕਿ ਉਹ ਉਹਨਾਂ ਦੇ ਗੁਰੂ ਨਹੀਂ ਹੈ ਅਤੇ ਉਹ ਉਹਨਾਂ ਦੇ ਸਿੱਖ ਨਹੀਂ। ਉਹ ਬੇਦਾਵਾਕਾਰ ਪੰਜਾਬ ਵਿਚ ਮਾਲਵਾ ਖੇਤਰ ਨਾਲ ਸਬੰਧ ਰਖਦੇ ਸਨ। ਜਦੋਂ ਉਹ ਆਪਣੇ ਘਰਾਂ ਵਿਚ ਪਹੁੰਚੇ ਤਾਂ ਗੁਰੂ ਜੀ ਨੂੰ ਛੱਡ ਦੇਣ ਕਾਰਨ ਉਹਨਾਂ ਦੀਆਂ ਪਤਨੀਆਂ ਨੇ ਉਹਨਾਂ ਨੂੰ ਬੁਰਾ-ਭਲਾ ਕਿਹਾ। ਔਰਤਾਂ ਨੇ ਮਰਦਾਂ ਨੂੰ ਤਾਹਨੇ ਮਾਰੇ ਕਿ ਉਹ ਘਰਾਂ ਵਿਚ ਰਹਿਣ ਅਤੇ ਉਹਨਾਂ ਦੀਆਂ ਪਤਨੀਆਂ ਜੰਗ ਵਿਚ ਗੁਰੂ ਜੀ ਦੀ ਮਦਦ ਕਰਨਗੀਆਂ। ਬੇਦਾਵੇ ਵਾਲੇ ਸਿੱਖ ਇਸ ਕਠੋਰ ਬੇਇਜ਼ਤੀ ਨੂੰ ਸਹਿਨ ਨ ਕਰ ਸਕੇ।

ਮਾਝੇ ਦੇ ਬੇਦਾਵਾਕਾਰਾਂ ਨੇ ਗੁਰੂ ਜੀ ਕੋਲ ਵਾਪਸ ਜਾ ਕੇ ਮੁਆਫ਼ੀ ਮੰਗ ਲੈਣ ਦਾ ਫੈਸਲਾ ਕੀਤਾ। ਚਾਲੀ ਹਥਿਆਰਬੰਦ ਜੋਧਿਆਂ ਦੇ ਨਾਲ ਇਕ ਪ੍ਰਮੁੱਖ ਮਾਈ ਭਾਗੋ ਨਾਮੀ ਔਰਤ ਗੁਰੂ ਜੀ ਵੱਲ ਚਲ ਪਈ। ਉਹ ਛੋਟੇ ਛੋਟੇ ਟੋਲਿਆ ਵਿਚ ਰਾਤਾਂ ਨੂੰ ਚਲਦੇ ਰਹੇ ਤਾਕਿ ਕਿਧਰੇ ਪਕੜੇ ਨਾ ਜਾਣ। ਰਸਤੇ ਤੇ ਚਲਦਿਆਂ ਹੋਰ ਵੀ ਕਈ ਸਿੱਖ ਨਾਲ ਰਲਦੇ ਗਏ ਅਤੇ ਇਸਤਰਾਂ ਕਾਫ਼ੀ ਵੱਡਾ ਟੋਲਾ ਬਣ ਗਿਆ।

ਓਹਨਾਂ ਨੂੰ ਪਤਾ ਚਲਿਆ ਕਿ ਗੁਰੂ ਜੀ ਝੀਲ ਦੇ ਦੂਜੇ ਕਿਨਾਰੇ ਪਾਰ ਕਰ ਗਏ ਸਨ, ਅਤੇ ਵਜ਼ੀਰ ਖਾਨ ਦੀ ਫੋਜ ਜਲਦੀ ਹੀ ਆਉਣ ਵਾਲੀ ਸੀ। ਖਿਦਰਾਣਾ ਪਹੁੰਚਣ ਤੇ ਉਹਨਾਂ ਨੇ ਝੀਲ ਨੂੰ ਲਗਭਗ ਸੁੱਕਾ ਪਾਇਆ। ਭਾਈ ਮਹਾਂ ਸਿੰਘ ਨੇ ਦੁਸ਼ਮਣ ਦਾ ਉਥੇ ਹੀ ਸਾਹਮਣਾ ਕਰਨ ਦੀ ਸਲਾਹ ਦਿਤੀ। ਇਸਤਰ੍ਹਾਂ ਗੁਰੂ ਜੀ ਨੂੰ ਸੁਰੱਖਿਅਤ ਜਗਹ ਤੇ ਪਹੁੰਚਣ ਲਈ ਕਾਫ਼ੀ ਸਮਾਂ ਮਿਲ ਗਿਆ। ਮੁਗ਼ਲ ਫੋਜਾਂ ਜਲਦੀ ਹੀ ਉਥੇ ਪਹੁੰਚ ਗਈਆਂ ਅਤੇ ਇਕ ਘਮਸਾਨ ਦਾ ਯੁੱਧ ਹੋਇਆ। ਸਿੱਖ ਬਹੁਤ ਦਲੇਰੀ ਅਤੈ ਹੌਂਸਲੇ ਨਾਲ ਲੜੇ। ਉਸ ਸਮੇਂ ਗੁਰੂ ਜੀ ਖਿਦਰਾਣਾ ਝੀਲ ਦੇ ਦੂਜੇ ਪਾਸੇ ਰੇਤ ਦੇ ਇਕ ਟਿੱਬੇ ਤੇ ਪਹੁੰਚ ਚੁਕੇ ਸਨ। ਗੁਰੂ ਜੀ ਨੇ ਮੁਗ਼ਲ ਫੋਜ ਦੇ ਪ੍ਰਮੁੱਖ ਅਫ਼ਸਰਾਂ ਅਤੇ ਸੈਨਿਕਾਂ ਨੂੰ ਤੀਰਾਂ ਦਾ ਨਿਸ਼ਾਨਾ ਬਣਾਇਆ। ਮੁਗਲੀ ਫੋਜ ਨੇ ਬਾਰ ਬਾਰ ਸਿੱਖਾਂ ਤੇ ਹਮਲੇ ਕੀਤੇ ਪਰ ਉਹਨਾਂ ਨੂੰ ਹਰ ਸਮੇਂ ਬਹੁਤ ਨੁਕਸਾਨ ਹੋਇਆ ਤੇ ਵਾਪਸ ਮੁੜਨਾ ਪਿਆ। ਆਖਰਕਾਰ, ਸਿੱਖਾਂ ਕੋਲ ਹਥਿਆਰ ਅਤੇ ਤੀਰ ਖਤਮ ਹੋ ਗਏ।

ਫਿਰ ਵੀ, ਸਿੱਖਾਂ ਨੇ ਬਰਛੇ ਅਤੇ ਤਲਵਾਰਾਂ ਨਾਲ ਲੜਾਈ ਜਾਰੀ ਰਖੀ। ਉਹ ਛੋਟੇ ਛੋਟੇ ਟੋਲਿਆਂ ਵਿਚ ਅੱਗੇ ਵਧਦੇ ਰਹੇ ਅਤੇ ਬਹੁਤ ਸਾਰੇ ਮੁਗ਼ਲ ਸੈਨਿਕਾਂ ਨੂੰ ਮਾਰ ਦਿਤਾ। ਇਹ ਸਿੱਖ ਜਿੱਤਣ ਲਈ ਲੜਾਈ ਨਹੀਂ ਕਰ ਰਹੇ ਸਨ। ਉਹਨਾਂ ਨੇ ਆਪਣੀਆਂ ਜ਼ਿੰਦਗੀਆਂ ਬਚਾਉਣ ਲਈ ਇਕ ਵਾਰ ਵੀ ਨਹੀਂ ਸੀ ਸੋਚਿਆ। ਉਹਨਾਂ

ਦੀ ਇਕੋ ਇਛਾ ਸਿਰਫ ਗੁਰੂ ਜੀ ਪਾਸੋਂ ਮੁਆਫ਼ੀ ਮੰਗਨੀ ਅਤੇ ਉਹਨਾਂ ਦੀ ਖੁਸ਼ੀ ਪ੍ਰਾਪਤ ਕਰਨਾ ਸੀ। ਉਹ ਅਖੀਰਲੇ ਦਮ ਤਕ ਦੁਸ਼ਮਣ ਨੂੰ ਰੋਕਨ ਲਈ ਲੜਾਈ ਕਰਨ ਵਾਸਤੇ ਦ੍ਰਿੜ ਸਨ। ਉਹ ਸਾਰੇ ਹੀ ਸ਼ਹੀਦੀ ਪਾ ਗਏ। ਕਹਿਣ ਅਨੁਸਾਰ ਸਿੱਖਾਂ ਨੇ ਕੋਈ ਤਿੰਨ ਹਜ਼ਾਰ ਮੁਗ਼ਲ ਸੈਨਕਾਂ ਨੂੰ ਮੌਤ ਦੇ ਘਾਟ ਉਤਾਰਿਆ। ਬਹੁਤ ਜ਼ਿਆਦਾ ਗਿਣਤੀ ਹੋਣ ਦੇ ਬਾਵਜੂਦ ਮੁਗ਼ਲ ਫੋਜ ਗੁਰੂ ਜੀ ਨੂੰ ਪਕੜ ਨ ਸਕੇ ਅਤੇ ਹਾਰ ਮੰਨ ਕੇ ਪਿਛੇ ਹਟ ਗਏ।

ਗੁਰੂ ਜੀ ਨੇ ਜੰਗੇ-ਮੈਦਾਨ ਦਾ ਦੌਰਾ ਕੀਤਾ। ਬਾਪ ਦੀ ਤਰ੍ਹਾਂ ਪਿਆਰ ਨਾਲ, ਗੁਰੂ ਜੀ ਨੇ ਹਰਇਕ ਸ਼ਹੀਦ ਦੇ ਸਿਰ ਨੂੰ ਆਪਣੀ ਗੋਦੀ ਵਿਚ ਲਿਆ। ਹਰ ਸ਼ਹੀਦ ਦੇ ਚੇਹਰੇ ਨੂੰ ਸਾਫ਼ ਕੀਤਾ ਅਤੇ ਹਰ ਕਿਸੇ ਨੂੰ ਆਸ਼ੀਰਵਾਦ ਦਿਤਾ। ਮਹਾਂ ਸਿੰਘ ਹਾਲੇ ਵੀ ਸਾਹ ਲੈ ਰਿਹਾ ਸੀ। ਉਸਨੇ ਆਪਣੀਆਂ ਅੱਖਾਂ ਖੋਹਲੀਆ ਅਤੇ ਆਪਣੇ ਆਪ ਨੂੰ ਗੁਰੂ ਜੀ ਦੀਆਂ ਬਾਹਵਾਂ ਵਿਚ ਦੇਖਿਆ। ਉਹ ਅਸੀਮ ਸੁਖ ਦੀ ਭਾਵਨਾ ਨਾਲ ਭਰ ਗਿਆ। ਗੁਰੂ ਜੀ ਨੇ ਉਸਦੀ ਅੰਤਿਮ ਇੱਛਾ ਪੁਛੀ। ਭਾਈ ਮਹਾਂ ਸਿੰਘ ਨੇ ਗੁਰੂ ਜੀ ਪਾਸੋਂ ਮੁਆਫ਼ੀ ਦੀ ਮੰਗ ਕੀਤੀ। ਉਸਨੇ ਬੇਨਤੀ ਕੀਤੀ ਕਿ ਗੁਰੂ ਜੀ ਉਸ ਬੇਦਾਵੇ ਨੂੰ ਫਾੜ ਦੇਣ ਜਿਸ ਰਾਹੀਂ ਉਹਨਾਂ ਨੇ ਗੁਰੂ ਜੀ ਮੁੱਕਰ ਗਏ ਸੀ।

ਗੁਰੂ ਜੀ ਨੇ ਚਾਲੀ ਸਹੀਦਾਂ ਨੂੰ ਚਾਲੀ ਅਮਰ ਸ਼ਹੀਦ ਹੋਣ ਦਾ ਆਸ਼ੀਰਵਾਦ ਦਿਤਾ। ਗੁਰੂ ਜੀ ਨੇ ਬੇਦਾਵਾ ਆਪਣੀ ਪੇਟੀ ਦੇ ਹੇਠੋਂ ਕਢਿਆ, ਛੋਟੇ ਛੋਟੇ ਟੁਕੜੇ ਕੀਤੇ ਅਤੇ ਦੂਰ ਸੁੱਟ ਦਿਤੇ। ਭਾਈ ਮਹਾਂ ਸਿੰਘ ਨੇ ਅਸੀਮ ਸ਼ਾਤੀ ਮਹਸੂਸ ਕੀਤੀ। ਉਹ ਮੁਸਕਰਾਇਆ, ਇਕ ਲੰਬਾ ਸਾਹ ਲਿਆ ਅਤੇ ਆਪਣੀਆਂ ਅੱਖਾਂ ਸਦਾ ਲਈ ਬੰਦ ਕਰ ਲਈਆਂ। ਉਸ ਸਥਾਨ ਦਾ ਬਹੁਤ ਸਤਿਕਾਰ ਕੀਤਾ ਜਾਂਦਾ ਹੈ, ਅਤੇ 'ਮੁਕਤੀ ਦਾ ਸਰੋਵਰ' ਮੁਕਤਸਰ ਕਿਹਾ ਜਾਂਦਾ ਹੈ।

ਗੁਰੂ ਜੀ ਨੇ ਦੇਖਿਆ ਕਿ ਮਾਈ ਭਾਗੋ ਬਹੁਤ ਥੱਕ ਚੁੱਕੀ ਸੀ ਪਰ ਜ਼ਖ਼ਮੀ ਨਹੀਂ ਹੋਈ ਸੀ। ਗੁਰੂ ਜੀ ਨੇ ਉਸਨੂੰ ਜੰਗ ਦੇ ਮੈਦਾਨ ਵਿਚੋਂ ਚੁਕਣ ਦਾ ਪ੍ਰਬੰਧ ਕੀਤਾ। ਸਹੀ ਸਹਾਰਾ ਅਤੇ ਇਲਾਜ ਮਿਲਣ ਨਾਲ ਉਹ ਜਲਦੀ ਹੀ ਠੀਕ ਹੋ ਗਈ। ਉਹ 'ਖੰਡੇ ਦੀ ਪਾਹੁਲ' ਛਕ ਕੇ ਮਾਈ ਭਾਗ ਕੌਰ ਹੋ ਗਈ। ਉਹ ਆਖਰ ਤੱਕ ਗੁਰੂ ਜੀ ਦੀ ਸੇਵਾ ਵਿਚ ਰਹੀ। ਦਸ ਸਿੱਖਾਂ ਦੇ ਨਾਲ ਮਿਲ ਕੇ ਉਹ ਗੁਰੂ ਜੀ ਦੇ ਸੋਣ ਵੇਲੇ ਪਹਿਰਾ ਰਖਦੀ ਰਹੀ। ਗੁਰੁ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ, ਉਹ ਬਿਦਰ (ਦਖਣੀ ਭਾਰਤ) ਚਲੀ ਗਈ ਅਤੇ ਇਸ ਦੁਨਿਆਵੀ ਜੀਵਨ ਦੇ ਪੂਰਾ ਹੋਣ ਤੱਕ ਉਥੇ ਰਹੀ।

******************

# ੨੪. ਮਾਧੋ ਦਾਸ ਤੋਂ ਬੰਦਾ ਬਹਾਦਰ

**੧੭੦੮** *(ਆਯੂ ੪੨ ਸਾਲ)*: ਬਹਾਦਰ ਸ਼ਾਹ, ਜੋ ਔਰੰਗਜ਼ੇਬ ਦੇ ਮਰਨ ਤੋਂ ਬਾਅਦ ਸ਼ਜਿਨਸ਼ਾਹ ਬਣਿਆ, ਰਾਜਪੂਤਾਂ ਦੇ ਵਿਰੁੱਧ ਅੰਬੇਰ (ਜੈਪੁਰ) ਵੱਲ ਗਿਆ ਅਤੇ ਫਿਰ ਦੱਖਣ ਵੱਲ ਗਿਆ ਜਿਥੇ ਉਸਦੇ ਸਭ ਤੋਂ ਛੋਟੇ ਭਰਾ ਨੇ ਬਗ਼ਾਵਤ ਕੀਤੀ ਸੀ। ਗੁਰੂ ਜੀ ਉਸਦੇ ਨਾਲ ਸਨ। ਰਸਤੇ ਵਿਚ ਉਹ ਲੋਕਾਂ ਨੂੰ 'ਅਕਾਲ ਪੁਰਖ ਦੇ ਸ਼ਬਦ' ਗੁਰਬਾਣੀ ਦਾ ਪਰਚਾਰ ਕਰਦੇ ਰਹੇ, ਜਿਵੇਂ ਕਿ ਗੁਰੂ ਨਾਨਕ ਅਤੇ ਹੋਰ ਗੁਰੂਆ ਨੇ ਦਸਿਆ ਸੀ ਅਤੇ ਜਿਵੇਂ ਉਹ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਇਆ ਹੋਇਆ ਹੈ। ਉਹਨਾਂ ਦੋਨਾ ਨੇ ਦਰਿਆ ਤਪਤੀ ਜੂਨ ੧੧ ਅਤੇ ੧੪, ੍੧੭੦੮ ਦੇ ਵਿਚ ਕਾਰ ਪਾਰ ਕੀਤਾ। ੧੪ ਅਗਸਤ ਨੂੰ ਗੁਰੂ ਜੀ ਦਰਿਆ ਗੋਦਾਵਰੀ ਦੇ ਕਿਨਾਰੇ ਨਾਂਦੇੜ ਪਹੁੰਚੇ। ਬਹਾਦਰ ਸ਼ਾਹ ਅੱਗੇ ਦੱਖਣ ਵੱਲ ਚਲਾ ਗਿਆ ਅਤੇ ਗੁਰੂ ਜੀ ਨੰਦੇੜ ਕੁਝ ਦੇਰ ਠਹਿਰ ਗਏ। ਉਸ ਸਥਾਨ ਤੇ ਮਾਧੋ ਦਾਸ ਨਾਮੀ ਇਕ ਬੈਰਾਗੀ ਦਾ ਆਸ਼ਰਮ ਸੀ।

ਜਦ ਗੁਰੂ ਗੋਬਿੰਦ ਸਿੰਘ ਜੀ ਆਸ਼ਰਮ ਵਿਚ ਪਹੁੰਚੇ ਤਾਂ ਉਹ ਬੈਰਾਗੀ ਉਸ ਵੇਲੇ ਕਿਧਰੇ ਗਿਆ ਹੋਇਆ ਸੀ। ਗੁਰੂ ਜੀ ਅੰਦਰ ਚਲੇ ਗਏ ਅਤੇ ਬੈਰਾਗੀ ਦੇ ਪਲੰਘ ਤੇ ਬੈਠ ਗਏ। ਗੁਰੂ ਜੀ ਨੇ ਸਿੱਖਾਂ ਨੂੰ ਰਾਤ ਦੇ ਖਾਣੇ ਲਈ ਬੈਰਾਗੀ ਦਾ ਇਕ ਬਕਰਾ ਝਟਕਾਉਣ ਲਈ ਕਿਹਾ। ਬੈਰਾਗੀ ਦੇ ਇਕ ਚੇਲੇ ਨੇ ਦੌੜ ਕੇ ਜਾ ਕੇ ਉਸ ਯਾਤਰੂ ਬਾਰੇ ਅਤੇ ਉਸਦੇ ਕੀਤੇ ਕੰਮ ਬਾਰੇ ਬੈਰਾਗੀ ਨੂੰ ਦਸਿਆ। ਉਹ ਬੈਰਾਗੀ ਗੁੱਸੇ ਵਿਚ ਅੱਗ-ਬਬੂਲਾ ਹੋ ਗਿਆ। ਆਪਣੀਆਂ ਮਨੌਤੀ ਜਾਦੂ ਸ਼ਕਤੀਆਂ ਦੇ ਸਹਾਰੇ ਉਸਨੇ ਉਸ ਪਲੰਘ ਨੂੰ ਉਲਟਾਉਣ ਦੀ ਕੋਸ਼ਸ਼ ਕੀਤੀ ਜਿਸ ਉਪਰ ਗੁਰੂ ਜੀ ਬੈਠੇ ਸਨ। ਪਰ ਉਹ ਅਸਫ਼ਲ ਰਿਹਾ। ਕਹਿਣ ਨੂੰ ਉਹ ਪਹਿਲਾਂ ਕਦੇ ਵੀ ਅਸਫ਼ਲ ਨਹੀਂ ਹੋਇਆ ਸੀ। ਉਹ ਆਸ਼ਰਮ ਵਿਚ ਗਿਆ ਅਤੇ ਮਨੌਤੀ ਜਾਦੂ ਨਾਲ ਇਕ ਵਾਰ ਫਿਰ ਕੋਸ਼ਸ਼ ਕੀਤੀ। ਉਹ ਫਿਰ ਅਸਫ਼ਲ ਰਿਹਾ। ਉਹ ਗੁਰੁ ਜੀ ਦੇ ਸਾਹਮਣੇ ਆਇਆ। ਹੇਠ ਲਿਖੀ ਹੋਈ ਗਲ ਬਾਤ ਦਸੀ ਜਾਂਦੀ ਹੈ:

> *ਮਾਧੋ ਦਾਸ: ਤੁਸੀਂ ਕੌਣ ਹੋ?*
> *ਗੁਰੂ ਗੋਬਿੰਦ ਸਿੰਘ: ਜਿਸਨੂੰ ਤੂੰ ਜਾਣਦਾ ਹੈ।*
> *ਮਾਧੋ ਦਾਸ: ਮੈਂ ਕੀ ਜਾਣਦਾ ਹਾਂ?*
> *ਗੁਰੂ ਗੋਬਿੰਦ ਸਿੰਘ: ਜ਼ਰਾ ਸੋਚੋ।*
> *ਮਾਧੋ ਦਾਸ: (ਕੁਝ ਦੇਰ ਠਹਿਰ ਕੇ) ਸੋ ਤੁਸੀਂ ਗੁਰੂ ਗੋਬਿੰਦ ਸਿੰਘ ਹੋ।*
> *ਗੁਰੂ ਗੋਬਿੰਦ ਸਿੰਘ: ਹਾਂ।*
> *ਮਾਧੋ ਦਾਸ: ਇਥੇ ਕਿਸ ਵਾਸਤੇ ਆਏ ਹੋ?*
> *ਗੁਰੂ ਗੋਬਿੰਦ ਸਿੰਘ: ਮੈਂ ਤੈਨੂੰ ਆਪਣਾ ਚੇਲਾ ਬਣਾਉਣ ਲਈ ਆਇਆ ਹਾਂ।*
> *ਮਾਧੋ ਦਾਸ: ਮੈਂ ਮੰਨਦਾ ਹਾਂ। ਮੈਂ ਤੁਹਾਡਾ ਬੰਦਾ ਹਾਂ।(*)*

ਇਸਤਰ੍ਹਾਂ ਕਹਿ ਕੇ ਮਾਧੌ ਦਾਸ ਗੁਰੂ ਜੀ ਦੇ ਪੈਰਾਂ ਤੇ ਡਿੱਗ ਪਿਆ ਅਤੇ ਮੁਆਫ਼ੀ ਦੀ ਜਾਚਨਾ ਕੀਤੀ। ਗੁਰੂ ਜੀ ਨੇ ਬੰਦੇ ਨੂੰ ਸਿੱਖੀ ਨਿਯਮਾਂ ਬਾਰੇ ਦਸਿਆ।

ਸਤੰਬਰ ਚਾਰ ਨੂੰ, ਗੁਰੂ ਜੀ ਨੇ ਉਸਨੂੰ ਆਸ਼ੀਰਵਾਦ ਦਿਤਾ। ਮਾਧੋ ਦਾਸ 'ਖੰਡੇ ਦੀ ਪਾਹੁਲ' ਲੈ ਕੇ ਖਾਲਸਾ ਬਣ ਗਿਅ। ਉਸਦਾ ਨਾਮ ਗੁਰਬਖ਼ਸ਼ ਸਿੰਘ ਰਖਿਆ ਗਿਆ। (ਆਮ ਕਰਕੇ **ਬੰਦਾ ਬਹਾਦਰ** ਵਜੋਂ ਜਾਣਿਆ ਜਾਂਦਾ ਹੈ)

ਅਕਤੂਬਰ ਪੰਜ ਨੂੰ, ਗੁਰੂ ਜੀ ਨੇ ਬੰਦਾ ਬਹਾਦਰ ਨੂੰ ਆਪਣੇ ਭੱਥੇ ਵਿਚੋਂ ਪੰਜ ਤੀਰ ਦਿਤੇ। ਗੁਰੂ ਜੀ ਨੇ ਚੁਣੇ ਹੋਏ ਪੰਜ ਸਿੱਖ ਵੀ ਦਿਤੇ ਅਤੇ ਪੰਜਾਬ ਜਾ ਕੇ ਸੂਬੇ ਦੇ ਹਾਕਮਾਂ ਦੇ ਜ਼ੁਲਮ ਵਿਰੁੱਧ ਮੁਹਿੰਮ ਚਲਾਉਣ ਲਈ ਕਿਹਾ।

*(*) ਜਿਵੇਂ ਅਹਿਮਦ ਸ਼ਾਹ ਦੇ "ਜ਼ਿਕਰ-ਏ-ਗੁਰੂਆਂ ਵੀ ਇਬਤੀਦਾਈ-ਈ-ਸਿੰਘਾਂ ਵਾ ਮਜ਼ਹਬ-ਈ-ਇਸ਼ਾਨ" ਵਿਚ ਦਰਜ ਹੈ। ਪ੍ਰਿੰਸੀਪਲ ਤੇਜਾ ਸਿੰਘ ਅਤੇ ਡਾ. ਗੰਡਾ ਸਿੰਘ ਦੀ ਪੁਸਤਕ 'A Short History of the Sikhs' ਪੰਨਾ ੭੮ ਤੋਂ ਲਿਆ ਗਿਆ।*

*******************

# ੨੫. ਸ਼ਬਦ ਹੀ ਸਦੀਵੀ ਗੁਰੂ ਹੈ

**੧੭੦੮** *(ਆਯੂ ੪੨ ਸਾਲ)*: ਸਰਹੰਦ ਦੇ ਨਵਾਬ ਵਜ਼ੀਰ ਖਾਨ ਨੂੰ ਸ਼ਹਿਨਸ਼ਾਹ ਬਹਾਦਰ ਸ਼ਾਹ ਵਲੋਂ ਗੁਰੂ ਜੀ ਨਾਲ ਅਮਨ ਕਾਇਮ ਕਰਨ ਦਾ ਫਿਕਰ ਸਤਾਉਂਦਾ ਸੀ ਅਤੇ ਉਸਨੂੰ ਡਰ ਸੀ ਕਿ ਇਹ ਸ਼ਾਇਦ ਉਸਦੀ ਭਲਾਈ ਲਈ ਘਾਤਕ ਸਾਬਤ ਹੋਵੇ। ਉਹਨਾਂ ਦਾ ਇਕੱਠੇ ਦੱਖਣ ਵੱਲ ਜਾਣਾ ਉਸ ਲਈ ਫਿਕਰ ਵਾਲੀ ਗਲ ਸੀ। ਉਸਨੇ ਗੁਰੂ ਜੀ ਨੂੰ ਖਤਮ ਕਰਨ ਲਈ ਸਾਜ਼ਸ਼ ਬਨਾਉਣੀ ਸੁਰੂ ਕੀਤੀ। ਇਸਤੋਂ ਪਹਿਲਾਂ ਕਿ ਗੁਰੂ ਜੀ ਅਤੇ ਸ਼ਹਿਨਸ਼ਾਹ ਦੀ ਏਕਤਾ ਨਾਲ ਉਸਨੂੰ ਕੋਈ ਨੁਕਸਾਨ ਹੋਵੇ, ਉਸਨੇ ਗੁਰੂ ਜੀ ਨੂੰ ਮਾਰ ਦੇਣ ਲਈ ਆਪਣੇ ਦੋ ਵਿਸ਼ਵਾਸ-ਪਾਤਰਾਂ ਦੀ ਮਦਦ ਲਈ। ਵਜੀਰ ਖਾਨ ਦੇ ਕਹਿਣ ਤੇ ਅਫ਼ਗ਼ਾਨਿਸਤਾਨ ਦੇ ਦੋ ਪਠਾਣ ਗੁਰੂ ਜੀ ਕੋਲ ਨੰਦੇੜ ਪਹੁੰਚੇ। ਸਿੱਖਾਂ ਦੇ ਹਮਦਰਦਾਂ ਦੇ ਤੌਰ ਤੇ ਉਹਨਾ ਨੇ ਗੁਰੂ ਜੀ ਦੇ ਕੈਂਪ ਵਿਚ ਹੀ ਰਹਿਣਾ ਸ਼ੁਰੂ ਕਰ ਦਿਤਾ। ਜਦ ਗੁਰੂ ਜੀ ਸ਼ਾਮ ਨੂੰ ਆਪਣੇ ਚੈਂਬਰ ਵਿਚ ਰਹਿਰਾਸ ਦੇ ਪਾਠ ਤੋਂ ਬਾਅਦ ਆਰਾਮ ਕਰ ਰਹੇ ਸਨ, ਇਕ ਨੇ ਗੁਰੂ ਜੀਂ ਨੂੰ ਛੁਰਾ ਮਾਰ ਦਿਤਾ। ਇਸਤੋਂ ਪਹਿਲਾ ਕਿ ਉਹ ਪਠਾਣ ਦੂਜਾ ਵਾਰ ਕਰੇ, ਗੁਰੂ ਜੀ ਨੇ ਉਸਨੂੰ ਤਲਵਾਰ ਮਾਰ ਕੇ ਡੇਗ ਦਿਤਾ।

ਰੌਲਾ ਰੱਪਾ ਸੁਣਨ ਤੇ, ਬਹੁਤ ਸਾਰੇ ਸਿੱਖ ਗੁਰੂ ਜੀ ਦੇ ਤੰਬੂ ਵੱਲ ਦੌੜੇ। ਉਹਨਾਂ ਦੇਖਿਆ ਕਿ ਗੁਰੂ ਜੀ ਦੀ ਛਾਤੀ ਵਿਚੋਂ ਬਹੁਤ ਖੂਨ ਵਹਿ ਰਿਹਾ ਸੀ। ਉਹਨਾ ਨੇ ਜ਼ਖ਼ਮ ਨੂੰ ਇਕ ਦਮ ਪੱਟੀ ਕਰਨ ਦਾ ਪ੍ਰਬੰਧ ਕੀਤਾ। ਕੁਝ ਸਿੱਖਾਂ ਨੇ ਦੌੜਦੇ ਪਠਾਣ ਦਾ ਪਿਛਾ ਕੀਤਾ ਅਤੇ ਉਸਨੂੰ ਮਾਰ ਦਿਤਾ।

ਅਗਲੀ ਸਵੇਰ ਛੇ ਅਕਤੂਬਰ ਨੂੰ, ਗੁਰੂ ਜੀ ਨੇ ਦਇਆ ਸਿੰਘ ਨੂੰ ਕਿਹਾ ਕਿ ਉਹ ਗੁਰੂ ਗ੍ਰੰਥ ਸਾਹਿਬ ਲੈ ਕੇ ਆਉਣ। 'ਭੱਟ ਵਹੀ ਤਲੌਦਾ ਪਰਗਨਾ ਜਿੰਦ' ਦਾ ਹਵਾਲਾ ਦਿੰਦਿਆਂ:

*"ਦਸਵੇਂ ਗੁਰੂ, ਗੁਰੂ ਗੋਬਿੰਦ ਸਿੰਘ ਸਪੁੱਤਰ ਗੁਰੂ ਤੇਗ ਬਹਾਦਰ ਪੋਤਰੇ ਗੁਰੂ ਹਰਿਗੋਬਿੰਦ ਅਤੇ ਪ੍ਰੋਤੜੇ ਗੁਰੂ ਅਰਜਨ ਦੇਵ ਜੀ, ਗੁਰੂ ਰਾਮਦਾਸ ਸੁਰਜਬੰਸੀ ਦੀ ਕੁਲ ਵਿਚੋਂ ਗੋਸਲ ਕਬੀਲਾ, ਸੋਢੀ ਖਤਰੀ, ਆਨੰਦਪੁਰ ਦੇ ਵਸਨੀਕ ਪਰਗਨਾਹ ਕਹਿਲੂਰ ਜੋ ਹੁਣ ਨੰਦੇੜ ਦੇ ਗੋਦਾਵਰੀ ਦੇਸ਼ ਦੇ ਦੱਖਣ ਵਿਚ ਹਨ, ਨੇ ਦਇਆ ਸਿੰਘ ਨੂੰ ਬੁੱਧਵਾਰ ਦੇ ਦਿਨ ਛੇ ਅਕਤੂਬਰ, ੧੭੦੮ ਨੂੰ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਲੈ ਕੇ ਆਂਦਾ ਜਾਵੇ। ਗੁਰੂ ਜੀ ਦੇ ਹੁਕਮ ਨੂੰ ਮੰਨਦਿਆ, ਭਾਈ ਦਇਆ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਲੈ ਕੇ ਆਇਆ। ਗੁਰੂ ਜੀ ਨੇ ਇਸ ਗ੍ਰੰਥ ਦੇ ਅੱਗੇ ਪੰਜ ਪੈਸੇ ਅਤੇ ਇਕ ਨਾਰੀਅਲ ਰਖੇ ਅਤੇ ਇਸ ਅੱਗੇ ਆਪਣਾ ਸਿਰ ਝੁਕਾਇਆ। ਉਸਨੇ ਸੰਗਤ ਨੂੰ ਕਿਹਾ, "ਇਹ ਮੇਰਾ ਹੁਕਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੇਰੀ ਜਗਹ ਸਮਝੋ। ਜੋ ਵੀ ਇਸਨੂੰ ਇਸਤਰ੍ਹਾਂ ਮੰਨੇਗਾ, ਉਸਨੂੰ ਮਾਣ ਪ੍ਰਾਪਤ ਹੋਵੇਗਾ। ਗੁਰੂ ਉਸਦੀ ਰਖਿਆ ਕਰੇਗਾ। ਇਸ ਨੂੰ ਸੱਚ ਕਰਕੇ ਮੰਨਣਾ।"* [**]

੭ ਅਕਤੂਬਰ, ੧੭੦੮ ਨੂੰ ਗੁਰੂ ਜੀ ਜੋਤੀ ਜੋਤ ਸਮਾ ਗਏ।

ਗੁਰੂ ਜੀ ਨੇ ਸਧਾਰਨ ਲੋਕਾਂ ਨੂੰ ਸ਼ਕਤੀਸਾਲੀ ਬਨਾਉਣ ਲਈ ਕੱਟੜਪੁਣਾ ਅਤੇ ਜ਼ੁਲਮੀ ਰਾਜ ਦਾ ਵਿਰੋਧ ਕਰਨ ਲਈ ਹਥਿਆਰ ਚੁੱਕੇ। ਉਸਨੇ ੧੬੮੮ ਦੇ ਭੰਗਾਣੀ ਦਾ ਯੁੱਧ ਅਤੇ ੧੭੦੫ ਵਿਚ ਅਸੰਭਵ ਹਾਲਤਾਂ ਦੇ ਵਿਰੋਧ ਵਿਚ ਮੁਕਤਸਰ ਦੇ ਯੁੱਧ ਨਾਲ ੧੪ ਜੰਗਾ ਲੜੀਆਂ ਤਾਕਿ ੧੭੦੭ ਵਿਚ ਕੱਟੜ ਸ਼ਹਿਨਸ਼ਾਹ ਦਾ ਖਾਤਮਾ ਹੋ ਸਕੇ। ਉਸਨੇ ਪੰਜਾਬ ਵਿਚ ਖਾਲਸਾ ਦੇ ਰਾਜ ਵਜੋਂ ਲੋਕਾਂ ਦੇ ਰਾਜ ਦੀ ਨੀਂਹ ਰਖੀ ਜਿਸ ਵਿਚ ਸਾਰੇ ਹੀ ਬਰਾਬਰ ਦੇ ਹਿੱਸੇਦਾਰ ਹੋਣ। ਉਸਨੇ ਆਪਣੇ ਸਾਰੇ ਪਰਵਾਰ ਦਾ ਬਲੀਦਾਨ ਕਰ ਦਿਤਾ ਅਤੇ ਉਸਦੇ ਖਾਲਸਾ ਦੇ ਹਜ਼ਾਰਾਂ ਪ੍ਰੇਮੀਆਂ ਨੇ ਇਸ ਕਾਰਜ ਲਈ ਆਪਣੀ ਮਰਜ਼ੀ ਨਾਲ ਜਾਨਾਂ ਕੁਰਬਾਨ ਕਰ ਦਿਤੀਆਂ।

ਫਿਰ ਵੀ, ਉਹ ਪ੍ਰਮਾਤਮਾਂ ਦੀ ਰਜ਼ਾ ਨੂੰ ਮੰਨਦਿਆਂ ਹੋਇਆ ਹਰ ਸਮੇਂ ਚੜ੍ਹਦੀ ਕਲਾ ਅਤੇ ਸਕਾਰਾਤਮਿਕ ਭਾਵਨਾ ਵਿਚ ਰਿਹਾ।

ਗੁਰੂ ਗੋਬਿੰਦ ਸਿੰਘ ਜੀ ਨੇ ਇਸਤਰ੍ਹਾਂ ਇਕ ਸੁਯੋਗ ਸਮਾਰੋਹ ਰਾਹੀਂ ਗੁਰਗੱਦੀ ਦੀ ਜਾਨਸ਼ੀਨੀ ਦੇਹਧਾਰੀ ਗੁਰੂ ਦੀ ਪ੍ਰਥਾ ਨੂੰ ਖਤਮ ਕਰਦਿਆਂ ਅੱਗੇ ਸ਼ਬਦ-ਗੁਰੂ ਵੱਲ ਤੋਰ ਦਿਤੀ। ਗੁਰੂ ਗੋਬਿੰਦ ਸਿੰਘ ਜੀ ਤੋ ਬਾਅਦ ਆਪਦੇ ਹੁਕਮ ਅਨੁਸਾਰ, ਦੇਹਧਾਰੀ ਗੁਰੂ ਤੋਂ ਬਾਣੀ-ਗੁਰੂ ਦੀ ਬਖ਼ਸ਼ਸ਼ ਕੀਤੀ। ਗੁਰੂ ਗ੍ਰੰਥ ਸਾਹਿਬ ਜਦੋਂ ਵੀ ਪੰਜ ਸਿਖਾਂ ਦੀ ਹਾਜ਼ਰੀ ਵਿਚ ਖਾਲਸਾ ਦੀ ਨੁਮਾਇੰਦਗੀ ਕਰੇਗਾ, ਗੁਰੂ ਉਥੇ ਹੀ ਹੋਵੇਗਾ।

ਸਿੱਖਾਂ ਦੇ ਗ੍ਰੰਥ ਵਿਚ ਸੁਸ਼ੋਭਤ ਅਕਾਲ ਪੁਰਖ (ਪ੍ਰਮਾਤਮਾਂ) ਦੇ ਸ਼ਬਦ ਨੂੰ ਹਮੇਸ਼ਾ ਹੀ ਹਰ ਗੁਰੂ ਨੇ ਰੱਬੀ ਹੋਂਦ ਵਜੋਂ ਮੰਨਿਆ ਹੈ। ਸਾਰੇ ਹੀ ਸਿੱਖ ਗੁਰੂ, ਦਸ ਨਾਨਕ, ਸ਼ਬਦ ਨੂੰ ਹੀ ਪ੍ਰਗਟਾਉਂਦੇ ਰਹੇ। ਗੁਰੁ ਨਾਨਕ ਜੀ ਨੇ ਆਪ ਬਹੁਤ ਸਪਸਟ ਕਰਕੇ ਕਿਹਾ ਸੀ ਕਿ ਸ਼ਬਦ ਗੁਰੂ ਹੀ ਸਿਰਫ਼ ਉਹਨਾਂ ਦਾ ਗੁਰੂ ਜੈ। ਇਸ 'ਸ਼ਬਦ' ਨੇ ਹੀ ਮਨੁੱਖੀ ਗੁਰੂ ਦੀ ਥਾਂ ਲਈ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਰੂਹਾਨੀ ਉਤਰਾਧਿਕਾਰੀ ਅਤੇ ਸਿੱਖਾਂ ਦਾ ਗੁਰੂ ਘੋਸ਼ਿਤ ਕੀਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਨਾ ਜਾਂ ਸੁਣਨਾ ਗੁਰੂ ਦੇ ਦਰਸ਼ਨ ਜਾਂ ਗੁਰੂ ਦੇ ਕੋਲ ਹੋਣ ਦਾ ਅਹਿਸਾਸ ਕਰਨ ਬਰਾਬਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਿਤੇ ਸਿਰਫ਼ ਰੱਬੀ ਸ਼ਬਦ ਦੇ ਰਾਹੀਂ ਹੀ 'ਸ਼ਬਦ ਗੁਰੂ' ਦੀ ਸਦਾਕਾਲ ਹੋਂਦ ਮੰਨੀ ਜਾ ਸਕਦੀ ਹੈ। ਅਕਾਲ ਪੁਰਖ ਦਾ 'ਸ਼ਬਦ', ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਆਉਣ ਵਾਲੇ ਸਮੇਂ ਵਿਚ ਹਮੇਸ਼ਾ ਹੀ ਇਸਤਰ੍ਹਾਂ ਸਿੱਖਾਂ ਦਾ 'ਸਦਾਕਾਲ ਗੁਰੂ' ਬਣ ਗਿਆ।

(**) SGPC website

******************

# ੨੬. ਦਸਵੇਂ ਨਾਨਕ ਦੀਆਂ ਵਿਸ਼ੇਸ਼ਤਾਈਆਂ

### ੧੬੬੬ - ੧੭੦੮

| | |
|---|---|
| ਜਨਮ : | ਦਸੰਬਰ ੨੨, ੧੬੬੬ |
| ਜਨਮ ਸਥਾਨ : | ਪਟਨਾ, ਬਿਹਾਰ (ਭਾਰਤ) |
| ਮਾਤਾ-ਪਿਤਾ : | ਪਿਤਾ - ਗੁਰੂ ਤੇਗ਼ ਬਹਾਦਰ ਜੀ, ਨੌਵੇਂ ਨਾਨਕ<br>ਮਾਤਾ - ਮਾਤਾ ਗੂਜਰੀ ਜੀ |
| ਪਤਨੀ: | ਸੁੰਦਰੀ ਜੀ (ਜੀਤੋ ਜੀ) |
| ਬੱਚੇ: | ਅਜੀਤ ਸਿੰਘ (ਜਨਮ ੧੬੮੬)<br>ਜੁਝਾਰ ਸਿੰਘ (ਜਨਮ ੧੬੯੦)<br>ਜ਼ੋਰਾਵਰ ਸਿੰਘ (ਜਨਮ ੧੬੯੬)<br>ਫਤਹਿ ਸਿੰਘ (ਜਨਮ ੧੬੯੮) |
| ਗੁਰਗੱਦੀ : | ਨਵੰਬਰ ੧੧, ੧੬੭੫ |
| ਜੋਤੀ ਜੋਤ: | ਅਕਤੂਬਰ ੭, ੧੭੦੮ |
| ਯੋਗਦਾਨ: | ੧੬੮੫ ਵਿਚ, ਦਰਿਆ ਜਮੁਨਾ ਦੇ ਕਿਨਾਰੇ ਪਾਉਂਟਾ ਨਗਰ ਦੀ ਸਥਾਪਨਾ। ਗੁਰੂ ਜੀ ਨੇ ੫੨ ਕਵੀ ਇਕੱਠੇ ਕੀਤੇ। ਗੁਰੂ ਜੀ ਵੱਖ ਵੱਖ ਤਰ੍ਹਾਂ ਦੇ ਜੰਗੀ ਅਭਿਆਸ ਕਰਵਾਉਂਦੇ, ਜਿਵੇਂ ਘੋੜ-ਸਵਾਰੀ, ਤੈਰਨਾ ਅਤੇ ਤੀਰ ਅੰਦਾਜ਼ੀ।<br>ਮਸੰਦ ਪਰਣਾਲੀ ਦਾ ਖਾਤਮਾ ਕੀਤਾ ਅਤੇ ਸਿੱਖਾਂ ਨੂੰ ਹੁਕਮ ਕੀਤਾ ਕਿ ਸਾਰੇ ਚੜ੍ਹਾਵੇ ਸਾਲਾਨਾ ਵਸਾਖੀ ਮੇਲੇ ਦੇ ਦੌਰਾਨ ਸਿੱਧਾ ਗੁਰੂ ਜੀ ਕੋਲ ਲਿਆਉਣ।<br>ਗੁਰੂ ਜੀ ਨੇ ਪੰਜ ਪਿਆਰੇ ਚੁਣੇ ਜੋ ਆਪਣਾ ਸਿਰ ਗੁਰੂ ਜੀ ਨੂੰ ਅਰਪਨ ਕਰਨ ਲਈ ਤਿਆਰ ਸਨ।<br>ਸਿੱਖਾਂ ਨੂੰ ਖਾਲਸਾ ਬਨਾਉਣ ਲਈ 'ਖੰਡੇ ਦੀ ਪਾਹੁਲ' ਦੀ ਪ੍ਰਥਾ ਸਥਾਪਤ ਕੀਤੀ।<br>ਗੁਰੂ ਜੀ ਨੇ ਆਪ ਵੀ 'ਖੰਡੇ ਦੀ ਪਾਹੁਲ' ਲਈ ਅਤੇ ਆਪਣਾ ਨਾਮ ਗੋਬਿੰਦ ਸਿੰਘ ਰਖਿਆ।<br>ਖਾਲਸਾ ਨੂੰ ਹੁਕਮ ਕੀਤਾ ਕਿ ਪੰਜ ਕਕਾਰ ਹਮੇਸ਼ਾ ਪਹਿਨ ਕੇ ਰਖਣ।<br>ਸ਼ਹਿਨਸ਼ਾਹ ਔਰੰਗਜ਼ੇਬ ਨੂੰ ਜ਼ਫ਼ਰਨਾਮਾ (ਜਿੱਤ ਦਾ ਪੈਗ਼ਾਮ) ਭੇਜਿਆ।<br>੧੬੮੮-ਭੰਗਾਣੀ ਤੋਂ ੧੭੦੫-ਮੁਕਤਸਰ ਤਕ ੧੪ ਜੰਗਾਂ ਮੁਸ਼ਕਲ ਹਾਲਾਤਾਂ ਵਿਚ ਲੜੀਆਂ ਤਾਂਕਿ ਸ਼ਹਿਨਸ਼ਾਹ ਦੇ ਕੱਟੜਪੁਣੇ ਨੂੰ ਖਤਮ ਕੀਤੀ ਜਾ ਸਕੇ।<br>ਗੁਰੂ ਜੀ ਨੇ ਗੁਰਗੱਦੀ ਦੀ ਸੌਂਪਣਾ ਸ਼ਬਦ-ਗੁਰੂ ਸਦੀਵੀ ਤੌਰ ਤੇ ਦਿਤੀ। |

# ੨੭. ਸੰਸਾਰ ਦੀਆਂ ਮਹੱਤਵ-ਪੂਰਣ ਘਟਨਾਵਾਂ

## ਦਸਵੇਂ ਗੁਰੂ ਦੇ ਜੀਵਨ ਦੇ ਦੌਰਾਨ

| | |
|---|---|
| ੧੬੬੭ | ਮਿਲਟਨ ਦਾ *Paradise Lost*, ਜੋ ਅੰਗਰੇਜ਼ੀ ਵਿਚ ਇਕ ਸਰਵ-ਮਹਾਨ ਮਹਾਂ-ਕਾਵਿ ਸਮਝਿਆ ਜਾਂਦਾ ਹੈ। |
| ੧੬੮੨ | ਵਿਲੀਅਮ ਪੈੱਨ ਨੇ ਪੈਨਸਿਲਵਾਨੀਆ ਲਭਿਆ। |
| ੧੬੮੫ | ਜੇਮਜ਼ ੨ ਇੰਗਲੈਂਡ ਵਿਚ ਆਤਮ-ਦੀ-ਆਵਾਜ਼ ਦਾ ਪਾਸਾਰ ਕਰਦਾ ਹੋਇਆ ੧੬੮੭ ਵਿਚ ਚਾਰਲਸ ੨ ਦਾ ਉਤਰਾਧਿਕਾਰੀ ਬਣਿਆ। |
| ੧੬੮੯ | Peter the Great ਰੂਸ ਦਾ ਜਾਰ ਬਣਦਾ ਹੈ। ਕੌਮ ਦਾ ਪੱਛਮੀਕਰਣ ਕਰਦਾ ਹੈ ਅਤੇ ਰੂਸ ਨੂੰ ਮਿਲਿਟਰੀ ਸ਼ਕਤੀ ਬਣਾਉਂਦਾ ਹੈ। . |
| ੧੬੯੦ | ਇੰਗਲੈਂਡ ਦਾ ਵਿਲੀਅਮ ੩ ਪਹਿਲੇ ਰਾਜਾ ਚਾਰਲਸ ਨੂੰ ਅਤੇ ਈਰਾਨ ਦੀ ਜੰਗ ਬੌਇਨ ਆਫ਼ ਆਇਰਲੈਂਡ ਦੇ ਬਗਾਵਤੀਆਂ ਨੂੰ ਹਰਾਉਂਦਾ ਹੈ। |
| ੧੭੦੭ | United Kingdom of Great Britain ਬਣਦੀ ਹੈ। ਇੰਗਲੈਂਡ, ਵੇਲਸ ਅਤੇ ਸਕਾਟਲੈਂਡ ਪਾਰਲੀਮੈਂਟ ਐਕਟ ਅਨੁਸਾਰ ਨਾਲ ਮਿਲਦੇ ਹਨ। |

# ਹਵਾਲੇ


੧. *Sikh History (Part One, ੧੪੬੯-੧੭੦੮)*, ਡਾ. ਹਰਜਿੰਦਰ ਸਿੰਘ ਦਿਲਗੀਰ, ਪ੍ਰਕਾਸ਼ਕ – ਸਿੰਘ ਬ੍ਰਦਰਸ, ਅੰਮ੍ਰਿਤਸਰ।

੨. *ਗੁਰੂ ਗੋਬਿੰਦ ਸਿੰਘ ਜੀ*, ਪ੍ਰੋ. ਸ਼ਾਹਿਬ ਸਿੰਘ, ਸਿੰਘ ਬ੍ਰਦਰਸ, ਅੰਮ੍ਰਿਤਸਰ

੩. *About Compilation of Sri Guru Granth Sahib*, ਪ੍ਰੋ. ਸ਼ਾਹਿਬ ਸਿੰਘ, ਲੋਕ ਸਾਹਿਤ ਪ੍ਰਕਾਸ਼ਨ, ਅੰਮਿਤਸਰ।

੪. *Life of Guru Gobind Singh,* ਕਰਤਾਰ ਸਿੰਘ, ਐਮ. ਏ., ਲਾਹੌਰ ਬੁਕ ਸ਼ਾਪ, ਲੁਧਿਆਨਾ।

5. ਸ਼੍ਰੋ.ਗੁ.ਪ੍ਰ.ਕ., website, http://sgpc.net/ten-guru-sahibs/guru-gobind Singh/

੬. ਗੂਗਲ ਤੋਂ, ਸੰਸਾਰ ਦੀਆਂ ਵਿਸ਼ੇਸ ਘਟਨਾਵਾਂ

# ਹੇਮਕੁੰਟ ਫ਼ਾਊਂਡੇਸਨ ਦੀਆਂ ਪੁਸਤਕਾਂ:

੧. *ਗੁਰੂ ਨਾਨਕ ਸਾਹਿਬ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ)

੨. *ਦੂਜੇ ਤੋਂ ਚੌਥੇ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ)

*੩.* ਪੰਜਵੇਂ ਨਾਨਕ (ਅੰਗ੍ਰੇਜ਼ੀ ਅਤੇ ਪੰਜਾਬੀ; ੬-੮ ਸਾਲ ਦੀ ਆਯੂ ਲਈ).

*੪. ਛੇਵੇਂ ਤੋਂ ਅਠਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੫. ਨੌਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੬. ਦਸਵੇਂ ਨਾਨਕ* (ਅੰਗ੍ਰੇਜ਼ੀ ਅਤੇ ਪੰਜਾਬੀ; ੯-੧੧ ਸਾਲ ਦੀ ਆਯੂ ਲਈ)

*੭.* ੧੭੧੮-੧੯੦੧ ਦੇ ਸਿੱਖ (ਅੰਗ੍ਰੇਜ਼ੀ ਅਤੇ ਪੰਜਾਬੀ; ੧੨-੧੪ ਸਾਲ ਦੀ ਆਯੂ ਲਈ)

*੮. ਸ੍ਰੀ ਗੁਰੂ ਗਰੰਥ ਸਾਹਿਬ ਵਿਚ ਭਗਤਾਂ ਦਾ ਸੰਦੇਸ਼* (ਅੰਗ੍ਰੇਜ਼ੀ ਅਤੇ ਪੰਜਾਬੀ; ੧੫-੧੭ ਸਾਲ ਦੀ ਆਯੂ ਲਈ)